ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/1948995824124531/

https://youtu.be/LQwolgxDu7I

awazeqaumtvpunjab@gmail.com

ਸ਼ੁੱਕਰਵਾਰ, 10 ਅਪ੍ਰੈਲ 2026 (ਨਾਨਕਸ਼ਾਹੀ ਸੰਮਤ : ੫੫੮, ੨੮ ਚੇਤ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਚੰਡੀਗੜ੍ਹ ਦੀ ਜ਼ਿਲ੍ਹਾ ਅਦਾਲਤ 'ਚ ਚੱਲੇਗਾ ਕੋਟਕਪੂਰਾ ਗੋਲੀਕਾਂਡ ਦਾ ਟ੍ਰਾਈਲ; ਪਹਿਲਾਂ ਬਹਿਬਲ ਕਲਾਂ ਗੋਲੀਕਾਂਡ ਕੀਤਾ ਜਾ ਚੁੱਕਿਆ ਹੈ ਸ਼ਿਫਟ

**ਚੰਡੀਗੜ੍ਹ, 9 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਬਹਿਬਲ ਕਲਾਂ ਗੋਲੀਕਾਂਡ ਮਾਮਲੇ ਮਗਰੋਂ ਹੁਣ ਕੋਟਕਪੂਰਾ ਗੋਲੀਕਾਂਡ ਦਾ ਟ੍ਰਾਈਲ ਵੀ ਚੰਡੀਗੜ੍ਹ ਦੀ ਟ੍ਰਾਈਲ ਕੋਰਟ 'ਚ ਹੋਵੇਗਾ। ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਇਸਦੇ ਹੁਕਮ ਦਿੱਤੇ ਗਏ ਹਨ। ਇਸ ਤੋਂ ਪਹਿਲਾਂ ਬਹਿਬਲ ਕਲਾਂ ਗੋਲੀਕਾਂਡ ਮਾਮਲੇ ਦਾ ਟ੍ਰਾਈਲ ਫਰੀਦਕੋਟ ਦੀ ਟ੍ਰਾਈਲ ਕੋਰਟ ਤੋਂ ਚੰਡੀਗੜ੍ਹ ਦੀ ਟ੍ਰਾਈਲ ਕੋਰਟ 'ਚ ਸ਼ਿਫਟ ਕਰ ਦਿੱਤਾ ਗਿਆ ਸੀ। ਉਸ ਸਮੇਂ ਇਹ ਵੀ ਹੁਕਮ ਦਿੱਤੇ ਗਏ ਸੀ ਕਿ ਇਸ ਦੇ ਨਾਲ ਦੇ ਹੋਰ ਮਾਮਲਿਆਂ ਦਾ ਟ੍ਰਾਈਲ ਵੀ ਚੰਡੀਗੜ੍ਹ ਦੀ ਅਦਾਲਤ 'ਚ ਭੇਜ ਦਿੱਤਾ ਜਾਵੇ। ਇਸ ਦੇ ਬਾਵਜੂਦ, ਕੋਟਕਪੂਰਾ ਗੋਲੀਬਾਰੀ ਮਾਮਲੇ ਦੀ ਸੁਣਵਾਈ ਅਜੇ ਵੀ ਫਰੀਦਕੋਟ ਦੀ ਹੇਠਲੀ ਅਦਾਲਤ ਵਿੱਚ ਚੱਲ ਰਹੀ ਸੀ। ਇਸ ਤੋਂ ਬਾਅਦ ਮੋਗਾ ਦੇ ਤਤਕਾਲੀ ਐਸਐਸਪੀ ਚਰਨਜੀਤ ਸ਼ਰਮਾ ਅਤੇ ਹੋਰਾਂ ਨੇ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਮੰਗ ਕੀਤੀ ਸੀ ਕਿ ਇਸ ਮਾਮਲੇ ਦੀ ਸੁਣਵਾਈ, ਬਹਿਬਲ ਕਲਾਂ ਗੋਲੀਬਾਰੀ ਮਾਮਲੇ ਵਾਂਗ, ਚੰਡੀਗੜ੍ਹ ਦੀ ਹੇਠਲੀ ਅਦਾਲਤ ਵਿੱਚ ਤਬਦੀਲ ਕੀਤੀ ਜਾਵੇ। ਅੱਜ, ਹਾਈ ਕੋਰਟ ਨੇ ਇਸ ਪਟੀਸ਼ਨ ਨੂੰ ਸਵੀਕਾਰ ਕਰ ਲਿਆ ਅਤੇ ਕੋਟਕਪੂਰਾ ਗੋਲੀਬਾਰੀ ਮਾਮਲੇ ਦੀ ਸੁਣਵਾਈ ਚੰਡੀਗੜ੍ਹ ਦੀ ਹੇਠਲੀ ਅਦਾਲਤ ਵਿੱਚ ਤਬਦੀਲ ਕਰਨ ਦਾ ਹੁਕਮ ਦਿੱਤਾ।

## ਈਰਾਨ ਵੱਲੋਂ ਰੱਖੀਆਂ 10 ਸ਼ਰਤਾਂ ਅਮਰੀਕਾ ਵੱਲੋਂ ਖਾਰਜ, ਕਿਹਾ

# 10 ਸ਼ਰਤਾਂ ਕੂੜੇਦਾਨ 'ਚ ਸੁੱਟਣ ਦੇ ਯੋਗ

**ਵਾਸ਼ਿੰਗਟਨ, 9 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਅਮਰੀਕਾ ਅਤੇ ਈਰਾਨ ਵਿਚਕਾਰ ਕੱਲ੍ਹ ਦੋ ਹਫ਼ਤਿਆਂ ਦੀ ਜੰਗਬੰਦੀ ਦਾ ਐਲਾਨ ਕੀਤਾ ਗਿਆ ਸੀ। ਹਾਲਾਂਕਿ, ਇਸ ਜੰਗਬੰਦੀ ਪਿੱਛੇ ਕੂਟਨੀਤਕ ਤਣਾਅ ਹੁਣ ਸਪੱਸ਼ਟ ਹੋ ਗਿਆ ਹੈ। ਵ੍ਹਾਈਟ ਹਾਊਸ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਦੁਆਰਾ ਸ਼ੁਰੂ ਵਿੱਚ ਰੱਖੀਆਂ ਗਈਆਂ ਸ਼ਰਤਾਂ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ। ਇਸ ਤੋਂ ਇਲਾਵਾ, ਲਿਬਨਾਨ ਨੂੰ ਲੈ ਕੇ ਦੋਵਾਂ ਦੇਸ਼ਾਂ ਵਿਚਕਾਰ ਇੱਕ ਮਹੱਤਵਪੂਰਨ ਮਤਭੇਦ ਪੈਦਾ ਹੋ ਗਿਆ ਹੈ। ਵ੍ਹਾਈਟ ਹਾਊਸ ਦੀ ਪ੍ਰੈਸ ਸਕੱਤਰ ਕੈਰੋਲੀਨ ਲੇਵਿਟ ਨੇ ਇੱਕ ਬ੍ਰੀਫਿੰਗ ਵਿੱਚ ਕਿਹਾ ਕਿ ਈਰਾਨ ਦਾ ਸ਼ੁਰੂਆਤੀ 10-ਨੁਕਾਤੀ ਪ੍ਰਸਤਾਵ "ਬਿਲਕੁਲ ਹਾਸੋਹੀਣਾ ਅਤੇ ਅਸਵੀਕਾਰਨਯੋਗ" ਸੀ। ਲੇਵਿਟ ਦੇ ਅਨੁਸਾਰ, ਰਾਸ਼ਟਰਪਤੀ ਟਰੰਪ ਅਤੇ ਉਨ੍ਹਾਂ ਦੀ ਟੀਮ ਨੇ ਪ੍ਰਸਤਾਵ ਨੂੰ ਦੇਖ ਕੇ ਰੱਦ ਕਰ ਦਿੱਤਾ। ਉਸਨੇ ਕਿਹਾ, "ਇਹ ਸੋਚਣਾ ਬੇਤੁਕਾ ਹੈ ਕਿ ਰਾਸ਼ਟਰਪਤੀ ਟਰੰਪ ਈਰਾਨ ਦੀ 'ਇੱਛਾ ਸੂਚੀ' ਨੂੰ ਇੱਕ ਸਮਝੌਤੇ ਵਜੋਂ ਸਵੀਕਾਰ ਕਰਨਗੇ।" ਇਸ ਸਮੇਂ ਪਰਦੇ ਪਿੱਛੇ ਗੱਲਬਾਤ ਚੱਲ ਰਹੀ ਹੈ, ਅਤੇ ਸਮਝੌਤੇ ਦੀਆਂ ਸ਼ਰਤਾਂ ਦੀਆਂ ਵਿਸ਼ੇਸ਼ਤਾਵਾਂ, ਜਿਨ੍ਹਾਂ ਨੂੰ ਟਰੰਪ ਨੇ "ਕਾਰਜਸ਼ੀਲ" ਦੱਸਿਆ ਹੈ, ਅਜੇ ਤੱਕ ਜਨਤਕ ਨਹੀਂ ਕੀਤੀਆਂ ਗਈਆਂ ਹਨ। ਇਸ ਸਮੇਂ ਸਭ ਤੋਂ ਵੱਡਾ ਵਿਵਾਦ ਇਹ ਹੈ ਕਿ ਕੀ ਇਹ ਜੰਗਬੰਦੀ ਲਿਬਨਾਨ 'ਤੇ ਲਾਗੂ ਹੁੰਦੀ ਹੈ। ਇਸ ਸੰਬੰਧੀ ਤਿੰਨ ਵੱਖ-ਵੱਖ ਦਾਅਵੇ ਸਾਹਮਣੇ ਆਏ ਹਨ: ਰਾਸ਼ਟਰਪਤੀ ਟਰੰਪ ਨੇ ਸਪੱਸ਼ਟ ਕੀਤਾ ਕਿ ਲਿਬਨਾਨ ਇਸ ਸਮਝੌਤੇ ਦਾ ਹਿੱਸਾ ਨਹੀਂ ਹੈ। ਉਨ੍ਹਾਂ ਨੇ ਪੈਂਟਾਗਨ ਬ੍ਰੀਫਿੰਗ ਤੋਂ ਬਾਅਦ ਕਿਹਾ ਕਿ ਲਿਬਨਾਨ ਵਿੱਚ ਹਿਜ਼ਬੁੱਲਾ ਵਿਰੁੱਧ ਇਜ਼ਰਾਈਲੀ ਹਮਲੇ ਜਾਰੀ ਰਹਿਣਗੇ ਕਿਉਂਕਿ ਇਹ ਇੱਕ ਵੱਖਰਾ ਮੋਰਚਾ ਹੈ। ਇਸ ਦੇ ਉਲਟ, ਸੀਨੀਅਰ ਈਰਾਨੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪ੍ਰਸਤਾਵ ਵਿੱਚ ਲਿਬਨਾਨ ਵਿੱਚ ਹਿਜ਼ਬੁੱਲਾ 'ਤੇ ਇਜ਼ਰਾਈਲੀ ਹਮਲਿਆਂ ਨੂੰ ਰੋਕਣ ਦੀ ਗਰੰਟੀ ਸ਼ਾਮਲ ਹੈ। ਇਜ਼ਰਾਈਲ ਨੇ ਟਰੰਪ ਦੇ ਬਿਆਨ ਦੇ ਸਮਰਥਨ ਵਿੱਚ ਲਿਬਨਾਨ ਵਿੱਚ ਆਪਣੇ ਹਮਲੇ ਵੀ ਤੇਜ਼ ਕਰ ਦਿੱਤੇ ਹਨ, ਇਹ ਸਪੱਸ਼ਟ ਕਰਦੇ ਹੋਏ ਕਿ ਉਹ ਇਸਨੂੰ ਜੰਗਬੰਦੀ ਦਾ ਹਿੱਸਾ ਨਹੀਂ ਮੰਨਦਾ।



## ਟੁੱਟਣ ਦੀ ਰਾਹ 'ਤੇ ਅਮਰੀਕਾ-ਈਰਾਨ ਸੀਜ਼ਫਾਇਰ ! ਜੰਗਬੰਦੀ ਵਿਚਾਲੇ ਇਜ਼ਰਾਈਲ ਨੇ ਲਿਬਨਾਨ 'ਚ ਕੀਤੇ ਹਮਲੇ, 250 ਲੋਕਾਂ ਦੀ ਮੌਤ

**ਵਾਸ਼ਿੰਗਟਨ, 9 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਲਿਬਨਾਨ ਅਤੇ ਇਜ਼ਰਾਈਲ ਵਿਚਕਾਰ ਜੰਗ ਹੁਣ ਇੱਕ ਗੰਭੀਰ ਟਕਰਾਅ ਵਿੱਚ ਬਦਲ ਗਈ ਹੈ। ਲਿਬਨਾਨ ਦੇ ਸਿਹਤ ਮੰਤਰਾਲੇ ਨੇ ਬੁੱਧਵਾਰ ਨੂੰ ਦਿਲ ਦਹਿਲਾ ਦੇਣ ਵਾਲੇ ਅੰਕੜੇ ਜਾਰੀ ਕੀਤੇ। ਪਿਛਲੇ 24 ਘੰਟਿਆਂ ਵਿੱਚ ਇਜ਼ਰਾਈਲੀ ਹਮਲਿਆਂ ਵਿੱਚ 254 ਲੋਕਾਂ ਦੀ ਮੌਤ ਹੋ ਗਈ ਹੈ, ਜਦਕਿ 700 ਤੋਂ ਵੱਧ ਹੋਰ ਗੰਭੀਰ ਜ਼ਖਮੀ ਹੋਏ ਹਨ। ਲਿਬਨਾਨ ਦੇ ਸਿਹਤ ਮੰਤਰੀ ਦੇ ਅਨੁਸਾਰ, ਦੇਸ਼ ਭਰ ਦੇ ਹਸਪਤਾਲ ਜ਼ਖਮੀਆਂ ਨਾਲ ਭਰੇ ਹੋਏ ਹਨ, ਅਤੇ ਡਾਕਟਰੀ ਪ੍ਰਣਾਲੀ ਢਹਿਣ ਦੀ ਕਗਾਰ 'ਤੇ ਹੈ। ਇਸ ਖ਼ੂਨੀ ਟਕਰਾਅ ਦੇ ਵਿਚਕਾਰ, ਅਮਰੀਕਾ ਤੋਂ ਇੱਕ ਸਪੱਸ਼ਟੀਕਰਨ ਸਾਹਮਣੇ ਆਇਆ ਹੈ। ਵ੍ਹਾਈਟ ਹਾਊਸ ਦੀ ਪ੍ਰੈਸ ਸਕੱਤਰ ਕੈਰੋਲੀਨ ਲੇਵਿਟ ਨੇ ਐਕਸੀਓਸ ਨਾਲ ਗੱਲ ਕੀਤੀ। ਉਸਨੇ ਕਿਹਾ ਕਿ ਲਿਬਨਾਨ ਦਾ ਅਮਰੀਕਾ ਅਤੇ ਈਰਾਨ ਵਿਚਕਾਰ ਹਾਲ ਹੀ ਵਿੱਚ ਹੋਏ ਜੰਗਬੰਦੀ ਸਮਝੌਤੇ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਅਮਰੀਕਾ ਨੇ ਸਪੱਸ਼ਟ ਕੀਤਾ ਹੈ ਕਿ ਲਿਬਨਾਨ ਵਿੱਚ ਚੱਲ ਰਹੇ ਫੌਜੀ ਕਾਰਵਾਈਆਂ ਉਸ ਸਮਝੌਤੇ ਦੇ ਦਾਇਰੇ ਤੋਂ ਬਾਹਰ ਹਨ, ਜਿਸ ਨੇ ਖੇਤਰ ਵਿੱਚ ਸ਼ਾਂਤੀ ਦੀਆਂ ਉਮੀਦਾਂ ਜਗਾਈਆਂ ਸਨ। ਈਰਾਨ ਨੇ ਸਖ਼ਤ ਇਤਰਾਜ਼ ਜਤਾਇਆ ਹੈ। ਈਰਾਨ ਵੱਲੋਂ ਸੂਤਰਾਂ ਦੇ ਹਵਾਲੇ ਨਾਲ ਦਾਅਵਾ ਕੀਤਾ ਹੈ ਕਿ ਜੇਕਰ ਲੇਬਨਾਨ 'ਤੇ ਇਜ਼ਰਾਈਲੀ ਹਮਲੇ ਬੰਦ ਨਹੀਂ ਹੁੰਦੇ, ਤਾਂ ਉਹ ਮੌਜੂਦਾ ਜੰਗਬੰਦੀ ਸਮਝੌਤੇ ਤੋਂ ਪਿੱਛੇ ਹਟ ਜਾਵੇਗਾ। ਇਹ ਧਮਕੀ ਦਰਸਾਉਂਦੀ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਯੁੱਧ ਹੋਰ ਵੀ ਵਧ ਸਕਦਾ ਹੈ, ਜਿਸ ਵਿੱਚ ਈਰਾਨ ਸਿੱਧੇ ਤੌਰ 'ਤੇ ਸ਼ਾਮਲ ਹੋਵੇਗਾ। ਇਸਦਾ ਅਸਰ ਹੁਣ ਸਮੁੰਦਰੀ ਵਪਾਰ ਮਾਰਗਾਂ ਤੱਕ ਪਹੁੰਚ ਗਿਆ ਹੈ। ਸ਼ਿਪਿੰਗ ਸੂਤਰਾਂ ਦੀ ਰਿਪੋਰਟ ਹੈ ਕਿ ਈਰਾਨੀ ਜਲ ਸੈਨਾ ਨੇ ਜਹਾਜ਼ ਮਾਲਕਾਂ ਨੂੰ ਚਿਤਾਵਨੀ ਦਿੰਦੇ ਹੋਏ ਇੱਕ ਅਧਿਕਾਰਤ ਸੰਦੇਸ਼ ਜਾਰੀ ਕੀਤਾ ਹੈ। ਈਰਾਨ ਨੇ ਕਿਹਾ ਹੈ ਕਿ ਸੰਬੰਧਿਤ ਸਮੁੰਦਰੀ ਮਾਰਗਾਂ ਤੋਂ ਲੰਘਣ ਵਾਲੇ ਸਾਰੇ ਜਹਾਜ਼ਾਂ ਨੂੰ ਹੁਣ ਤਹਿਰਾਨ ਤੋਂ ਇਜਾਜ਼ਤ ਲੈਣ ਦੀ ਲੋੜ ਹੋਵੇਗੀ। ਸੰਦੇਸ਼ ਵਿੱਚ ਕਿਹਾ ਗਿਆ ਹੈ ਕਿ ਬਿਨਾਂ ਇਜਾਜ਼ਤ ਦੇ ਹੋਰਮੁਜ਼ ਜਲਡਮਰੂ ਵਿੱਚ ਦਾਖਲ ਹੋਣ ਵਾਲੇ ਜਹਾਜ਼ਾਂ ਨੂੰ ਨਿਸ਼ਾਨਾ ਬਣਾਇਆ ਜਾਵੇਗਾ ਅਤੇ ਨਸ਼ਟ ਕਰ ਦਿੱਤਾ ਜਾਵੇਗਾ। ਇਸ ਕਦਮ ਨੇ ਅੰਤਰਰਾਸ਼ਟਰੀ ਸ਼ਿਪਿੰਗ ਰੂਟਾਂ ਲਈ ਸੰਕਟ ਪੈਦਾ ਕਰ ਦਿੱਤਾ ਹੈ। ਅਮਰੀਕਾ ਨੇ ਅਜੇ ਤੱਕ ਕੋਈ ਜਵਾਬ ਨਹੀਂ ਦਿੱਤਾ ਹੈ।

## ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਨੇ ਬੀਬੀ ਜਗੀਰ ਕੌਰ ਨੂੰ ਇਸਤਰੀ ਵਿੰਗ ਦੀ ਪ੍ਰਧਾਨ ਨਿਯੁਕਤ ਕੀਤਾ

**ਚੰਡੀਗੜ੍ਹ, 9 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-2 ਦਸੰਬਰ 2024 ਦੇ ਹੁਕਮਨਾਮਿਆਂ ਦੀ ਰੌਸ਼ਨੀ ਵਿੱਚ ਪੁਨਰ ਸੁਰਜੀਤ ਹੋਏ ਅਕਾਲੀ ਦਲ ਨੂੰ ਹੋਰ ਮਜਬੂਤੀ ਦੇਣ ਵਾਸਤੇ ਪਾਰਟੀ ਦੇ ਸਕੱਤਰ ਜਨਰਲ ਸ ਗੁਰਪ੍ਰਤਾਪ ਸਿੰਘ ਵਡਾਲਾ ਨੇ ਸੀਨੀਅਰ ਲੀਡਰਸ਼ਿਪ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਬੀਬੀ ਜਗੀਰ ਕੌਰ ਨੂੰ ਇਸਤਰੀ ਅਕਾਲੀ ਦਲ ਦੀ ਪ੍ਰਧਾਨ ਨਿਯੁਕਤ ਕੀਤਾ ਹੈ। ਸ ਵਡਾਲਾ ਨੇ ਇਕ ਲਿਖਤੀ ਪ੍ਰੈੱਸ ਬਿਆਨ ਵਿੱਚ ਕਿਹਾ ਕਿ ਪੰਥਕ ਪਾਰਟੀ ਆਪਣੇ ਪੁਰਾਣੇ ਕਾਡਰ ਵਿੱਚ ਹਰਮਨ ਪਿਆਰਤਾ ਹਾਸਲ ਕਰ ਰਹੀ ਹੈ। ਅਜਿਹੇ ਸਮੇਂ ਅਕਾਲੀ ਦਲ ਵਿੱਚ ਔਰਤਾਂ ਦੀ ਭੂਮਿਕਾ ਨੂੰ ਮੁੱਖ ਰੱਖਦਿਆਂ ਇਹ ਮਹੱਤਵਪੂਰਨ ਨਿਯੁਕਤੀ ਕੀਤੀ ਗਈ ਹੈ। ਬੀਬੀ ਜਗੀਰ ਕੌਰ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਹਨ ਜੋ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਹਿ ਚੁੱਕੇ ਹਨ। ਉਹਨਾਂ ਨੇ ਆਪਣੇ ਪ੍ਰਧਾਨਗੀ ਕਾਲ ਵਿੱਚ ਖਾਲਸਾ ਪੰਥ ਦੀ ਤੀਜੀ ਸ਼ਤਾਬਦੀ ਨੂੰ ਵਿਸ਼ਵ ਪੱਧਰ ਤੇ ਮਨਾਉਣ ਵਿੱਚ ਵੱਡਾ ਰੋਲ ਨਿਭਾਇਆ ਸੀ। ਪੰਜਾਬ ਦੀ ਅਕਾਲੀ ਸਰਕਾਰ ਵਿੱਚ ਉਹਨਾਂ ਨੇ ਆਵਾਜਾਈ ਅਤੇ ਸੱਭਿਆਚਾਰਕ ਮਾਮਲਿਆਂ ਦੇ ਮੰਤਰਾਲੇ ਦੀ ਅਗਵਾਈ ਕੀਤੀ। ਸ਼੍ਰੋਮਣੀ ਅਕਾਲੀ ਦਲ ਦੇ ਇਸਤਰੀ ਵਿੰਗ ਨੂੰ ਸੰਭਾਲਣ ਦਾ ਵੀ ਉਹਨਾਂ ਦਾ ਲੰਬਾ ਤਜਰਬਾ ਹੈ। ਸ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਉਹਨਾਂ ਦੀ ਇਸ ਨਿਯੁਕਤੀ ਨਾਲ ਸ਼੍ਰੋਮਣੀ ਅਕਾਲੀ ਦਲ ਪੁਨਰ-ਸਰਜੀਤ ਨੂੰ ਸੱਥਾਂ ਤੋਂ ਘਰਾਂ ਦੇ ਵਿਹੜਿਆਂ ਤੱਕ ਪਹੁੰਚਾਉਣ ਵਿੱਚ ਭਰਪੂਰ ਮਦਦ ਮਿਲੇਗੀ। ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਨਾਲ ਪੁਨਰ ਸੁਰਜੀਤ ਹੋਇਆ ਅਕਾਲੀ ਦਲ ਇਸ ਤਰਾਂ ਮਾਈ-ਭਾਈ ਦੇ ਸਹਿਯੋਗ ਨਾਲ ਆਪਣੇ ਪੁਰਾਣੇ ਪੰਥਕ ਸਰੂਪ ਨੂੰ ਹਾਸਲ ਕਰ ਸਕੇਗਾ। ਮੀਡੀਆ ਨੂੰ ਇਹ ਬਿਆਨ ਦਫਤਰ ਸਕੱਤਰ ਸ ਜਗਜੀਤ ਸਿੰਘ ਕੋਹਲੀ ਨੇ ਜਾਰੀ ਕੀਤਾ।



## ਪੰਜਾਬ ਦੇ ਸਕੂਲਾਂ ਨੂੰ ਧਮਕੀ ਮਿਲਣ ਦਾ ਸਿਲਸਿਲਾ ਜਾਰੀ, ਹੁਣ ਪਟਿਆਲਾ ਦੇ ਕਈ ਨਾਮੀ ਸਕੂਲਾਂ ਨੂੰ ਆਈ ਬੰਬ ਨਾਲ ਉਡਾਉਣ ਦੀ ਧਮਕੀ

**ਪਟਿਆਲਾ, 9 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲਣ ਦਾ ਸਿਲਸਿਲਾ ਰੁਕਣ ਦਾ ਨਾਂ ਨਹੀਂ ਲੈ ਰਿਹਾ ਹੈ। ਤਾਜ਼ਾ ਮਾਮਲਾ ਪਟਿਆਲਾ ਤੋਂ ਸਾਹਮਣੇ ਆਇਆ ਹੈ ਜਿੱਥੇ ਜ਼ਿਲ੍ਹੇ ਦੇ ਕਈ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਹਾਸਿਲ ਹੋਈ ਹੈ। ਮਿਲੀ ਜਾਣਕਾਰੀ ਮੁਤਾਬਿਕ ਪਟਿਆਲਾ ਦੇ ਵਾਈਵੀਐਸ ਸਕੂਲ, ਬਲੋਸੇਮ ਸਕੂਲ, ਸ਼ਿਵਾਲਿਕ ਪਬਲਿਕ ਸਕੂਲ, ਬਾਈਪੀਐਸ ਸਕੂਲ, ਪੋਡਰ ਸਕੂਲ, ਕੇਵੀ ਸਕੂਲ, ਡੀਪੀਐਸ ਸਕੂਲ ਸਣੇ ਕਈ ਸਕੂਲਾਂ ਨੂੰ ਈਮੇਲ ਰਾਹੀਂ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਹੈ। ਇਸ ਈਮੇਲ ਦੇ ਆਉਣ ਮਗਰੋਂ ਪਟਿਆਲਾ ਪੁਲਿਸ ਸੁਚੇਤ ਹੋ ਗਈ ਹੈ। ਨਾਲ ਹੀ ਸਕੂਲਾਂ ਨੂੰ ਖਾਲੀ ਕਰਵਾ ਦਿੱਤਾ ਗਿਆ ਹੈ। ਨਾਲ ਹੀ ਮਾਪਿਆਂ ਨੂੰ ਸ਼ਾਂਤ ਰਹਿਣ ਦੀ ਗੱਲ ਆਖੀ ਗਈ ਹੈ। ਈਮੇਲ 'ਚ ਕਿਹਾ ਗਿਆ ਹੈ ਕਿ ਪਟਿਆਲਾ ਸਕੂਲਾਂ 'ਚ 1 ਵਜਕੇ 11 ਮਿੰਟ 'ਤੇ ਧਮਾਕਾ ਕੀਤਾ ਜਾਵੇਗਾ। ਕਾਬਿਲੇਗੌਰ ਹੈ ਕਿ ਇਹ ਕੋਈ ਪਹਿਲਾਂ ਮਾਮਲਾ ਨਹੀਂ ਹੈ ਇਸ ਤੋਂ ਪਹਿਲਾਂ ਵੀ ਪੰਜਾਬ ਸਣੇ ਚੰਡੀਗੜ੍ਹ ਦੇ ਸਕੂਲਾਂ ਨੂੰਧਮਕੀ ਹਾਸਿਲ ਹੋਈ ਹੈ। ਪੰਜਾਬ ਦੇ ਕੋਰਟ ਕੰਪਲੈਕਸਾਂ ਨੂੰ ਵੀ ਨਿਸ਼ਾਨਾ ਬਣਾਉਣ ਦੀ ਗੱਲ ਆਖੀ ਗਈ ਹੈ।




## ਫਿਰੋਜ਼ਪੁਰ 'ਚ ਮਚਿਆ ਹੜਕੰਪ, ਟਰੇਨਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ

ਫਿਰੋਜ਼ਪੁਰ ਜ਼ਿਲ੍ਹੇ 'ਚ ਉਸ ਵੇਲੇ ਹੜਕੰਪ ਮਚ ਗਿਆ, ਜਦੋਂ ਟਰੇਨਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲਣ ਦੀ ਖ਼ਬਰ ਸਾਹਮਣੇ ਆਈ। ਇਹ ਧਮਕੀ ਈ-ਮੇਲ ਰਾਹੀਂ ਭੇਜੀ ਗਈ ਸੀ, ਜਿਸ 'ਚ ਆਤਮਘਾਤੀ ਹਮਲੇ ਬਾਰੇ ਲਿਖਿਆ ਗਿਆ ਸੀ। ਇਸ ਮੇਲ 'ਚ ਲਿਖਿਆ ਸੀ ਕਿ ਫਿਰੋਜ਼ਪੁਰ 'ਚ ਟਰੇਨਾਂ ਨੂੰ ਬੰਬ ਨਾਲ ਉਡਾ ਦਿੱਤਾ ਜਾਵੇਗਾ। ਇਸ ਦੀ ਸੂਚਨਾ ਮਿਲਦੇ ਹੀ ਪੁਲਸ ਨੇ ਹਰ ਪਾਸੇ ਸੁਰੱਖਿਆ 'ਚ ਵਾਧਾ ਕਰ ਦਿੱਤਾ। ਸ਼ਹਿਰ ਦੇ ਰੇਲਵੇ ਸਟੇਸ਼ਨ 'ਤੇ ਪੁਲਸ ਦੀਆਂ ਟੀਮਾਂ ਪੁੱਜ ਗਈਆਂ ਅਤੇ ਚੱਪੇ-ਚੱਪੇ ਦੀ ਛਾਣਬੀਣ ਸ਼ੁਰੂ ਕਰ ਦਿੱਤੀ। ਜ਼ਿਕਰਯੋਗ ਹੈ ਕਿ ਇਸ ਦੇ ਨਾਲ ਹੀ ਪਟਿਆਲਾ ਦੇ ਕਈ ਨਾਮੀ ਸਕੂਲਾਂ ਨੂੰ ਵੀ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਗਈ ਸੀ, ਜਿਸ ਦੇ ਨਾਲ ਹੀ ਫਿਰੋਜ਼ਪੁਰ 'ਚ ਟਰੇਨਾਂ ਉਡਾਉਣ ਦੀ ਵੀ ਧਮਕੀ ਸੀ। ਫਿਲਹਾਲ ਪੁਲਸ ਵਲੋਂ ਲੋਕਾਂ ਨੂੰ ਅਲਰਟ ਕਰ ਦਿੱਤਾ ਗਿਆ ਹੈ ਅਤੇ ਕਿਸੇ ਵੀ ਸ਼ੱਕੀ ਚੀਜ਼ ਦੇ ਦਿਖਣ 'ਤੇ ਪੁਲਸ ਨੂੰ ਸੂਚਨਾ ਦੇਣ ਲਈ ਕਿਹਾ ਗਿਆ ਹੈ। ਇਹ ਵੀ ਦੱਸਣਯੋਗ ਹੈ ਕਿ ਬੀਤੇ ਦਿਨੀਂ ਫਿਰੋਜ਼ਪੁਰ ਜ਼ਿਲ੍ਹਾ ਅਦਾਲਤ ਨੂੰ ਵੀ ਬੰਬ ਨਾਲ ਉਡਾਉਣ ਦੀ ਧਮਕੀ ਮਿਲ ਚੁੱਕੀ ਹੈ ਪਰ ਪੁਲਸ ਨੂੰ ਕਿਸੇ ਤਰ੍ਹਾਂ ਦੀ ਕੋਈ ਸ਼ੱਕੀ ਚੀਜ਼ ਨਹੀਂ ਮਿਲੀ। ਇਹ ਪਹਿਲੀ ਵਾਰ ਨਹੀਂ ਹੋਇਆ, ਸਗੋਂ ਇਸ ਤੋਂ ਵੀ ਪਹਿਲਾਂ ਅਦਾਲਤ ਨੂੰ ਬੰਬ ਨਾਲ ਉਡਾਉਣ ਦੀ ਈਮੇਲ ਆਈ ਸੀ ਪਰ ਉਸ ਸਮੇਂ ਵੀ ਚਲਾਈ ਗਈ ਸਰਚ ਮੁਹਿੰਮ ਦੌਰਾਨ ਕੋਈ ਵੀ ਸ਼ੱਕੀ ਵਸਤੂ ਬਰਾਮਦ ਨਹੀਂ ਹੋਈ ਸੀ।

## ਈਰਾਨ-ਅਮਰੀਕਾ ਵਾਰਤਾ 'ਤੇ ਸਸਪੈਂਸ ! ਪੋਸਟ ਹਟਾਉਣ ਨਾਲ ਡਿਪਲੋਮੈਟਿਕ ਹਲਕਿਆਂ 'ਚ ਹਲਚਲ

**ਤਹਿਰਾਨ, 9 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਈਰਾਨ ਅਤੇ ਅਮਰੀਕਾ ਵਿਚਕਾਰ ਹੋਣ ਵਾਲੀ ਜੰਗਬੰਦੀ ਗੱਲਬਾਤ ਵਿੱਚ ਇੱਕ ਨਵਾਂ ਸੰਕਟ ਪੈਦਾ ਹੋ ਗਿਆ ਹੈ। ਪਾਕਿਸਤਾਨ ਵਿੱਚ ਈਰਾਨ ਦੇ ਰਾਜਦੂਤ ਰੇਜ਼ਾ ਅਮੀਰੀ ਮੋਘਮ ਨੇ ਵੀਰਵਾਰ ਨੂੰ ਇਸਲਾਮਾਬਾਦ ਵਿੱਚ ਹੋਣ ਵਾਲੀ ਸ਼ਾਂਤੀ ਗੱਲਬਾਤ ਬਾਰੇ ਇੱਕ ਸੋਸ਼ਲ ਮੀਡੀਆ ਪੋਸਟ ਨੂੰ ਮਿਟਾ ਦਿੱਤਾ। ਮੋਘਮ ਨੇ ਪਹਿਲਾਂ ਪੋਸਟ ਕੀਤਾ ਸੀ ਕਿ ਈਰਾਨੀ ਵਫ਼ਦ ਵੀਰਵਾਰ ਰਾਤ (10 ਅਪ੍ਰੈਲ) ਨੂੰ ਇਸਲਾਮਾਬਾਦ ਪਹੁੰਚੇਗਾ। ਪੋਸਟ ਵਿੱਚ ਇਹ ਵੀ ਕਿਹਾ ਗਿਆ ਸੀ ਕਿ ਇਹ ਦੌਰਾ ਈਰਾਨੀ ਜਨਤਾ ਵਿਚ ਪੈਦਾ ਹੋਏ ਵਿਆਪਕ ਸ਼ੱਕ ਦੇ ਬਾਵਜੂਦ ਹੋ ਰਿਹਾ ਹੈ ਕਿਉਂਕਿ ਇਜ਼ਰਾਈਲ ਵੱਲੋਂ ਲਗਾਤਾਰ ਜੰਗਬੰਦੀ ਦੀ ਉਲੰਘਣਾ ਕੀਤੀ ਜਾ ਰਹੀ ਹੈ ਜਿਸ ਦਾ ਉਦੇਸ਼ ਕੂਟਨੀਤਕ ਪਹਿਲਕਦਮੀ ਨੂੰ ਅਸਫਲ ਕਰਨਾ ਹੈ। ਪੋਸਟ ਨੂੰ ਹਟਾਉਣ ਨਾਲ ਜੰਗਬੰਦੀ ਗੱਲਬਾਤ ਦੀ ਸਫਲਤਾ ਬਾਰੇ ਕਿਆਸਅਰਾਈਆਂ ਨੂੰ ਹੋਰ ਹਵਾ ਮਿਲੀ ਹੈ। ਗੌਰਤਲਬ ਹੈ ਕਿ ਜਿਸ ਤਰ੍ਹਾਂ ਅਮਰੀਕਾ ਅਤੇ ਈਰਾਨ ਵਿਚਕਾਰ ਜੰਗਬੰਦੀ ਨੇ ਸ਼ਾਂਤੀ ਦੀਆਂ ਉਮੀਦਾਂ ਜਗਾਈਆਂ, ਉਸੇ ਦੌਰਾਨ ਇਜ਼ਰਾਈਲ ਨੇ ਲੇਬਨਾਨ ਵਿੱਚ ਇੱਕ ਵੱਡਾ ਹਮਲਾ ਕੀਤਾ, ਜਿਸ ਵਿੱਚ ਘੱਟੋ-ਘੱਟ 254 ਲੋਕ ਮਾਰੇ ਗਏ। ਈਰਾਨੀ ਸੰਸਦ ਦੇ ਸਪੀਕਰ ਮੁਹੰਮਦ ਬਾਘੇਰ ਗਾਲਿਬਾਫ ਨੇ ਤਹਿਰਾਨ ਵੱਲੋਂ ਸ਼ਾਂਤੀ ਯੋਜਨਾ ਦੀ ਉਲੰਘਣਾ ਦੀ ਸਖ਼ਤ ਆਲੋਚਨਾ ਕੀਤੀ ਹੈ। ਗਾਲਿਬਾਫ ਨੇ ਕਿਹਾ ਕਿ ਲੇਬਨਾਨ ਵਿੱਚ ਚੱਲ ਰਹੇ ਹਮਲਿਆਂ, ਈਰਾਨੀ ਹਵਾਈ ਖੇਤਰ ਵਿੱਚ ਡਰੋਨ ਘੁਸਪੈਠ ਅਤੇ ਈਰਾਨ ਦੇ ਪ੍ਰਮਾਣੂ ਸੰਸ਼ੋਧਨ ਦੇ ਅਧਿਕਾਰ ਤੋਂ ਇਨਕਾਰ ਦੇ ਵਿਚਕਾਰ ਜੰਗਬੰਦੀ ਅਤੇ ਗੱਲਬਾਤ "ਅਸੰਭਵ" ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਗਾਲਿਬਾਫ ਨੂੰ ਈਰਾਨ ਵੱਲੋਂ ਸ਼ਾਂਤੀ ਵਾਰਤਾ ਦੀ ਅਗਵਾਈ ਕਰਨ ਦਾ ਕੰਮ ਸੌਂਪਿਆ ਗਿਆ ਹੈ। ਸੋਸ਼ਲ ਮੀਡੀਆ ਪਲੇਟਫਾਰਮ "ਐਕਸ" 'ਤੇ ਗਾਲਿਬਾਫ ਨੇ ਈਰਾਨ ਵੱਲੋਂ "10-ਨੁਕਾਤੀ ਪ੍ਰਸਤਾਵ" ਦੇ ਤਿੰਨ ਮੁੱਖ ਧਾਰਾਵਾਂ ਦੀ ਉਲੰਘਣਾ ਦਾ ਮੁੱਦਾ ਉਠਾਇਆ। ਉਨ੍ਹਾਂ ਕਿਹਾ, "ਸੰਯੁਕਤ ਰਾਜ ਅਮਰੀਕਾ ਪ੍ਰਤੀ ਸਾਡਾ ਡੂੰਘਾ ਇਤਿਹਾਸਕ ਅਵਿਸ਼ਵਾਸ ਉਸਦੇ ਵਾਰ-ਵਾਰ ਵਾਅਦਿਆਂ ਦੀ ਉਲੰਘਣਾ ਤੋਂ ਪੈਦਾ ਹੁੰਦਾ ਹੈ, ਜੋ ਬਦਕਿਸਮਤੀ ਨਾਲ ਇੱਕ ਵਾਰ ਫਿਰ ਦੁਹਰਾਇਆ ਗਿਆ ਹੈ।" ਗਾਲਿਬਾਫ ਨੇ ਤਿੰਨ ਵੱਡੀਆਂ ਉਲੰਘਣਾਵਾਂ ਦਾ ਹਵਾਲਾ ਦਿੱਤਾ: ਪਹਿਲਾ, ਲੇਬਨਾਨ ਵਿੱਚ ਜੰਗਬੰਦੀ ਲਾਗੂ ਕਰਨ ਦੀ ਪਹਿਲੀ ਧਾਰਾ ਦੀ ਪਾਲਣਾ ਕਰਨ ਵਿੱਚ ਅਸਫਲਤਾ। ਦੂਜਾ, ਈਰਾਨ ਦੇ ਫਾਰਸ ਪ੍ਰਾਂਤ ਦੇ ਲਾਰ ਸ਼ਹਿਰ ਵਿੱਚ ਘੁਸਪੈਠ ਕਰਨ ਵਾਲੇ ਡਰੋਨ ਦਾ ਦਾਖਲਾ, ਜੋ ਹਵਾਈ ਖੇਤਰ ਦੀ ਉਲੰਘਣਾ ਨਾ ਕਰਨ ਦੀ ਸ਼ਰਤ ਦੀ ਸਿੱਧੀ ਉਲੰਘਣਾ ਹੈ। ਤੀਜਾ, ਈਰਾਨ ਨੂੰ ਸੰਸ਼ੋਧਨ ਦੇ ਅਧਿਕਾਰ ਤੋਂ ਇਨਕਾਰ ਕਰਨਾ, ਜੋ ਕਿ ਸਮਝੌਤੇ ਦੀ ਛੇਵੇਂ ਧਾਰਾ ਵਿੱਚ ਸ਼ਾਮਲ ਸੀ। ਗਾਲਿਬਾਫ ਨੇ ਸਪੱਸ਼ਟ ਕੀਤਾ ਕਿ ਜਦੋਂ ਵਾਰਤਾ ਦੀ ਨੀਂਹ ਹੀ ਸਪੱਸ਼ਟ ਤੌਰ 'ਤੇ ਤੋੜੀ ਜਾ ਰਹੀ ਹੈ ਤਾਂ ਅਜਿਹੀ ਸਥਿਤੀ ਵਿਚ ਇੱਕ ਦੁਵੱਲੀ ਜੰਗਬੰਦੀ ਜਾਂ ਗੱਲਬਾਤ ਕਰਨਾ ਅਣਉਚਿਤ ਹੈ।

ਆਵਾਜ਼ਿ ਕੌਮ
AWAZE QAUM
International Newspaper & WEB TV



ਖਾਲਸਾ ਸਾਜਨਾ ਦਿਵਸ ਨੂੰ ਸਮਰਪਤ 43ਵੇਂ ਨਗਰ ਕੀਰਤਨ ਦਾ ਹਰ ਪਿੰਡ 'ਚ ਭਰਵਾਂ ਸਵਾਗਤ

# ਵਿਸਾਖੀ ਸਿਰਫ ਤਿਉਹਾਰ ਨਹੀਂ ਏਹ ਖ਼ਾਲਸੇ ਦਾ ਜਨਮ ਦਿਹਾੜਾ ਹੈ : ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਰੋਡੇ

• ਵਿਸ਼ੇਸ਼ ਰਿਪੋਰਟ : ਆਵਾਜ਼ਿ ਕੌਮ, ਯੂ. ਕੇ.

ਅੱਜ ਸਵੇਰੇ ਇੰਟਰਨੈਸ਼ਨਲ ਪੰਥਕ ਦਲ ਵੱਲੋਂ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜੇ ਗਏ ਖਾਲਸਾ ਸਾਜਨਾ ਦਿਵਸ ਨੂੰ ਸਮਰਪਤ ਨਗਰ ਕੀਰਤਨ ਸਰਹੱਦੀ ਇਲਾਕੇ ਖੇਮਕਰਨ ਦੇ ਗੁਰਦੁਆਰਾ ਸਿੰਘ ਸਭਾ ਸਾਹਿਬ ਤੋਂ ਪੂਰਣ ਸ਼ਰਧਾ ਸਹਿਤ ਅਰਦਾਸ ਉਪ੍ਰੰਤ ਆਰੰਭ ਹੋਇਆ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਸਾਬਕਾ ਜਥੇਦਾਰ ਗਿਆਨੀ ਜਸਵੀਰ ਸਿੰਘ ਰੋਡੇ ਜੋ ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਵੀ ਹਨ, ਦੇ ਸੁਯੋਗ ਪ੍ਰਬੰਧਾਂ ਨਾਲ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ ਅਤੇ ਪੰਜ ਪਿਆਰੇ ਸਾਹਿਬਾਨ ਦੀ ਅਗਵਾਈ ਹੇਠ ਸਜਾਇਆ ਗਿਆ ਇਹ ਨਗਰ ਕੀਰਤਨ ਪਿੰਡ ਮਹਿੰਦੀਪੁਰ, ਮਾਛੀਕੇ, ਰੱਤੋਕੇ, ਆਸਲ ਉਤਾੜ, ਵਲਟੋਹਾ, ਵਰਨਾਲਾ, ਛੰਨਾ ਬਾਂਗ ਵਾਲੀਆਂ, ਸਰਜ਼ਾ ਮਿਰਜ਼ਾ, ਵਾੜਾਂ ਤੇਲੀਆਂ ਆਦਿ ਪਿੰਡਾਂ ਰਾਹੀਂ ਹੁੰਦਾ ਹੋਇਆ ਗੁਰਦੁਆਰਾ ਸਾਹਿਬ ਡਿੱਬੀਪੁਰਾ ਵਿਖੇ ਪੁੱਜ ਕੇ ਅਰਦਾਸ ਉਪ੍ਰੰਤ ਵਿਸ਼ਰਾਮ ਹੋਇਆ। ਇੰਟਰਨੈਸ਼ਨਲ ਪੰਥਕ ਦਲ ਵੱਲੋਂ ਸਜਾਇਆ ਗਿਆ ਇਹ 43ਵਾਂ ਨਗਰ ਕੀਰਤਨ ਹੈ। ਸੰਗਤਾਂ ਵਿੱਚ ਗੁਰਬਾਣੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਆਰੰਭੇ ਇਸ ਨਗਰ ਕੀਰਤਨ ਦੌਰਾਨ ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਰੋਡੇ ਨੇ ਆਪਣੇ ਸੰਬੋਧਨ ਵਿੱਚ ਦਸਮੇਸ਼



ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਖਾਲਸਾ ਦਿਵਸ ਨਾਲ ਸਬੰਧਤ ਗੁਰ ਇਤਿਹਾਸ ਸਰਵਣ ਕਰਵਾਇਆ। ਸਿੰਘ ਸਾਹਿਬ ਨੇ ਦੱਸਿਆ ਕਿ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਉਨ੍ਹਾਂ ਦੇ ਅਨਿਨ ਸੇਵਕਾਂ ਦੀ ਮਹਾਨ ਕੁਰਬਾਨੀ ਦੀ ਗਾਥਾ ਭਾਈ ਜੇਤਾ ਜੀ ਤੋਂ ਸੁਣ ਕੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਕਿ ਫਿਕਰ ਨਾ ਕਰੋ ਅਸੀਂ ਅਜਿਹਾ ਖਾਲਸਾ ਸਾਜਾਂਗੇ ਜੋ ਜ਼ੁਲਮੀ ਰਾਜ ਦੀਆਂ ਨੀਂਹਾਂ ਪੁੱਟ ਦੇਵੇਗਾ। ਦਸਮੇਸ਼ ਪਿਤਾ ਨੇ ਵਿਸਾਖੀ ਤੋਂ ਤਿੰਨ ਮਹੀਨੇ ਪਹਿਲਾਂ ਹੀ ਕਾਬਲ, ਕੰਧਾਰ ਤੇ ਹੋਰ ਦੂਰ ਦੁਰਾਡੇ ਦੀ ਸਿੱਖ ਸੰਗਤ ਨੂੰ ਵਿਸਾਖੀ ਮੌਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਇਕੱਤਰ ਹੋਣ ਲਈ ਸੁਨੇਹੇ ਭੇਜੇ ਗਏ। ਇਕੱਤਰ ਹੋਈ ਸੰਗਤ ਲਈ ਢੁਕਵੇਂ ਠਹਿਰਾਓ ਦੇ ਪ੍ਰਬੰਧ ਕੀਤੇ ਗਏ। ਇਸ ਮੌਕੇ ਪੰਜ ਪਿਆਰੇ ਸਾਜੇ ਗਏ ਅਤੇ ਉਨ੍ਹਾਂ ਤੋਂ ਆਪ ਵੀ ਅੰਮ੍ਰਿਤਪਾਨ ਕੀਤਾ। ਗੁਰੂ ਸਾਹਿਬ ਵੱਲੋਂ ਲਗਾਏ ਗਏ ਇਹ ਗੁਰਸਿੱਖੀ ਦੇ ਬੂਟੇ ਨੇ ਫੈਲ ਕੇ ਨਾ ਸਿਰਫ ਜ਼ੁਲਮੀ ਰਾਜ ਦਾ ਖੁਰਾ ਖੋਜ ਮਿਟਾਇਆ ਸਗੋਂ ਸੰਸਾਰ ਪੱਧਰ 'ਤੇ ਵੀ ਇਹ ਸਿੱਖ ਫੁਲਵਾੜੀ ਫੈਲ ਗਈ। ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਨੇ ਸੰਗਤਾਂ ਨੂੰ ਗੁਰੂ ਦੇ ਲੜ ਲੱਗ ਕੇ ਗੁਰੂ ਵਾਲੇ ਬਣਨ ਦੀ ਪ੍ਰੇਰਨਾ ਦਿਤੀ ਤੇ ਕਿਹਾ ਕਿ ਵਿਸਾਖੀ ਤਕ ਵੱਧ ਤੋਂ ਵੱਧ ਸੰਗਤ ਅੰਮ੍ਰਿਤਪਾਨ ਕਰਕੇ ਬਾਣੀ ਤੇ ਬਾਣੇ ਦੀ ਧਾਰਨੀ ਹੋਵੇ। ਉਨ੍ਹਾਂ ਨੇ ਸੰਗਤ ਨੂੰ ਆਪਣੇ ਮੰਨ ਵਿੱਚ ਪ੍ਰਮੇਸ਼ਵਰ ਦੇ ਨਾਮ ਦਾ ਬੀਜ਼ ਬੀਜਣ ਦੀ ਪ੍ਰੇਰਨਾ ਕੀਤੀ ਤਾਂ ਜੋ ਕੋਈ ਮਨੁੱਖੀ ਬੁਰਾਈ ਉਨ੍ਹਾਂ ਦੇ ਨੇੜੇ ਨਾ ਆ ਸਕੇ। ਇਸ ਮੌਕੇ ਸੰਤ ਬਾਬਾ ਅਵਤਾਰ ਸਿੰਘ ਜੀ, ਸੰਤ ਬਾਬਾ ਮੌਜ ਦਾਸ ਜੀ, ਸੰਤ ਬਾਬਾ ਬਲਵਿੰਦਰ ਸਿੰਘ ਜੀ, ਸੰਤ ਬਾਬਾ ਜਸਵੰਤ ਸਿੰਘ ਜੀ ਸੋਢੀ, ਜਥੇਦਾਰ ਨਛੱਤਰ ਸਿੰਘ ਜੀ ਆਸਟ੍ਰੀਆ ਯੋਰਪ, ਭਾਈ ਜਗਤਾਰ ਸਿੰਘ ਜੀ ਰੋਡੇ, ਭਾਈ ਗੁਰਭੇਜ ਸਿੰਘ, ਸੰਤ ਬਾਬਾ ਚਰਨਜੀਤ ਸਿੰਘ, ਸੰਤ ਬਾਬਾ ਸਵਰਨਜੀਤ ਸਿੰਘ, ਜਥੇਦਾਰ ਦਲੀਪ ਸਿੰਘ ਚਕਰ, ਜਥੇਦਾਰ ਹਰਚੰਦ ਸਿੰਘ ਚਕਰ, ਬਾਬਾ ਸਤਨਾਮ ਸਿੰਘ ਵਲੀਆ, ਸੰਤ ਬਾਬਾ ਜਤਿੰਦਰ ਸਿੰਘ ਗੋਬਿੰਦ ਬਾਗ, ਸੰਤ ਬਾਬਾ ਬਲਕਾਰ ਸਿੰਘ ਦਰਾਜਕੇ, ਬਾਬਾ ਸੱਜਣ ਸਿੰਘ ਜੀ, ਜਥੇਦਾਰ ਵਜੀਰ ਸਿੰਘ ਜੀ ਵਾਂ, ਭਾਈ ਕਾਰਜ ਸਿੰਘ ਜੀ, ਜਥੇਦਾਰ ਬਲਕਾਰ ਸਿੰਘ ਜੀ , ਭਾਈ ਸਤਨਾਮ ਸਿੰਘ ਜੀ, ਭਾਈ ਕ੍ਰਿਪਾ ਸਿੰਘ ਜੀ, ਬਾਬਾ ਗੁਰਸਾਹਿਬ ਸਿੰਘ ਜੀ, ਡਾ. ਸਤਿੰਦਰਪਾਲ ਸਿੰਘ ਜੀ, ਭਾਈ ਭੁਪਿੰਦਰ ਸਿੰਘ ਜੀ ਮੱਲੀ, ਭਾਈ ਰਾਜਿੰਦਰ ਸਿੰਘ ਜੀ ਰਾਜਾ ਤੇ ਹੋਰ ਵੱਡੀ ਗਿਣਤੀ ਵਿੱਚ ਸਖਸ਼ੀਅਤਾਂ ਸਾਮਲ ਸਨ। ਨਗਰ ਕੀਰਤਨ ਦੇ ਸਮੁੱਚੇ ਰਸਤੇ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਵੱਲੋਂ ਥਾਂ-ਥਾਂ 'ਤੇ ਸਵਾਗਤ ਕੀਤੇ ਗਏ ਅਤੇ ਲੰਗਰ ਲਗਾਏ ਗਏ।

**ਇੰਟਰਨੈਸ਼ਨਲ ਪੰਥਕ ਦਲ ਵਲੋਂ ਅਗਲੇ ਪੜ੍ਹਾਅ ਲਈ ਨਗਰ ਕੀਰਤਨ ਅੱਜ**

ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net




ਵਾਹਿਗੁਰੂ ਜੀ ਕਾ ਖਾਲਸਾ॥ WAHEGURU JI KA KHALSA
ਵਾਹਿਗੁਰੂ ਜੀ ਕੀ ਫਤਹਿ॥ WAHEGURU JI KI FATEH

**ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ**
Khande Bate di Pahul Shak Ke Guru Wale Bano

**ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ**
Join Gurbani Santhia and Gurmat Sikhia

**ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ**
Learn Kirtan Katha Kavishri and Dhadi Waran

**ਗੁਰਮੁਖੀ ਪੰਜਾਬੀ ਸਿੱਖੋ**
Learn Gurmukhi Punjabi

**ਗਤਕਾ ਸਿੱਖੋ** Learn Gatka
www.damdamitaksal.net


## ਆਵਾਜ਼ਿ ਕੌਮ
Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I
Contact :
+447458381111
+447976210161
+919729091243


ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਦੇਗ ਤੇਗ ਫ਼ਤਿਹ - ਪੰਥ ਕੀ ਜੀਤ

ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋਂ ਪਾਵਾ ॥

**ਧੰਨ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਤੇ ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ**



ਧੰਨ-ਧੰਨ
ਮਾਤਾ ਸਾਹਿਬ ਕੌਰ ਜੀ

# ਗੁਰਮਤਿ ਸਮਾਗਮ

**1 ਨਵੰਬਰ 2026, ਦਿਨ ਐਤਵਾਰ ਨੂੰ**
ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ
ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।



ਸੰਤ ਜਰਨੈਲ ਸਿੰਘ ਜੀ ਖਾਲਸਾ
ਭਿੰਡਰਾਂ ਵਾਲੇ

ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ -20 ਅਕਤੂਬਰ, ਮੰਗਲਵਾਰ, ਸਵੇਰੇ 10 ਵਜੇ
ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ -1 ਨਵੰਬਰ, ਐਤਵਾਰ, ਸਵੇਰੇ 9 ਵਜੇ



ਜੋੜ ਮੇਲੇ ਵਿੱਚ ਸਿੰਘ ਸਾਹਿਬਾਨ, ਦਮਦਮੀ ਟਕਸਾਲ, ਸੰਤ ਮਹਾਂਪੁਰਸ਼, ਸੰਪਰਦਾਵਾਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ, ਸ਼੍ਰੋਮਣੀ ਕਮੇਟੀ ਮੈਂਬਰ, ਨਿਰਮਲੇ, ਉਦਾਸੀ, ਧਾਰਮਿਕ, ਕਿਸਾਨ ਆਗੂ, ਹਰ ਪਾਰਟੀ ਦੇ ਸਿਆਸੀ ਲੀਡਰ, ਇੰਟਰਨੈਸ਼ਨਲ ਪੰਥਕ ਦਲ ਯੂ.ਕੇ. ਅਤੇ ਭਾਰਤ ਦੇ ਸਮੂਹ ਅਹੁਦੇਦਾਰ ਅਤੇ ਨਾਮਵਰ ਰਾਗੀ-ਢਾਡੀ-ਕਵੀਸ਼ਰ ਜਥੇ ਪਹੁੰਚ ਰਹੇ ਹਨ।

**ਨੋਟ : ਇਹ ਸਮਾਗਮ 13 ਦਿਨ ਚੱਲੇਗਾ**

ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।

ਬੇਨਤੀ ਕਰਤਾ **ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ 98141-27470**
ਜਥੇਦਾਰਨੀ ਬੀਬੀ ਸੁਰਿੰਦਰ ਕੌਰ 73408-35137
ਦਮਦਮੀ ਟਕਸਾਲ ਵਾਲੇ ਅੰਤਰਰਾਸ਼ਟਰੀ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦੱਲ
ਜਾਰੀ ਕਰਤਾ : ਭਾਈ ਜਰਨੈਲ ਸਿੰਘ ਢਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404, ਜ: ਹਰਜੋਤ ਸਿੰਘ ਢਿੱਲੋਂ, ਜ: ਮਹਿਤਾਬ ਸਿੰਘ ਢਿੱਲੋਂ

ਸੰਪਰਕ ਨੰਬਰ
84278-66404


Vehicle360
Professional Car Repairs & Servicing
West Bromwich
CAR SERVICES – ALL MAKES & MODELS
FREE VEHICLE HEALTH CHECK
Full & Interim Servicing
Diagnostics & Fault Finding
Clutches & Gearboxes
Timing Chains & Cambelts
DPF & Engine Repairs
Brakes, Suspension & Exhausts
Experienced mechanics
(7–10 years)
Honest advice & fair pricing
Quality / OEM parts used
CALL NOW: 0121 269 9586
12 Ridgacre Rd, West Bromwich, B71 1DB
Your local trusted garage
ਆਵਾਜ਼ਿ ਕੌਮ AWAZE QAUM
International Newspaper & WEB TV

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਮਹਾਨ ਅਵਤਾਰ ਪੁਰਬ

• ਅਵਤਾਰ ਪੁਰਬ ਧੰਨ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ। • ਜਨਮ ਦਿਹਾੜਾ : ਸਾਹਿਬਜਾਦਾ ਬਾਬਾ ਜੁਝਾਰ ਸਿੰਘ ਸਾਹਿਬ ਜੀ। • ਅਵਤਾਰ ਪੁਰਬ : ਧੰਨ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸਮਰਪਿਤ ਗੁਰਮਿਤ ਸਮਾਗਮ ਕਰਵਾਏ ਜਾ ਰਹੇ ਹਨ।



ਸ਼ੁੱਕਰਵਾਰ 10 ਅਪ੍ਰੈਲ ਸਵੇਰੇ 10:00 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੀ ਅਰੰਭਤਾ ਹੋਵੇਗੀ ਅਤੇ 12 ਅਪ੍ਰੈਲ ਐਤਵਾਰ ਸਵੇਰੇ 10:00 ਵਜੇ ਭੋਗ ਪੈਣਗੇ ਉਪਰੰਤ ਦੀਵਾਨ ਸਜਣਗੇ।

ਸ਼ਨਿੱਚਰਵਾਰ 11 ਅਪ੍ਰੈਲ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸੱਜਣਗੇ। ਐਤਵਾਰ 12 ਅਪ੍ਰੈਲ 2026 ਨੂੰ 6:30 ਵਜੇ ਸਵੇਰ ਚੌਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9:00 ਵਜੇ ਭੋਗ ਪੈਣ ਉਪਰੰਤ 12:30 ਵਜੇ ਤੱਕ ਦੀਵਾਨ ਸੱਜਣਗੇ।

ਕਥਾ ਵਾਚਕ ਭਾਈ ਦਿਲਪ੍ਰੀਤ ਸਿੰਘ ਕਥਾ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ। ☚ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

# ਦਸਮੇਸ਼ ਪਿਤਾ ਵੱਲੋਂ ਕਾਇਮ 'ਆਪੇ ਗੁਰ ਚੇਲਾ' ਦੀ ਮਿਸਾਲ ਕਿਤੇ ਵੀ ਨਹੀਂ ਮਿਲਦੀ - ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਰੋਡੇ





*ਨਗਰ ਕੀਰਤਨ ਦੌਰਾਨ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਦੇ ਹੋਏ ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਰੋਡੇ।*

## ਵਿਸਾਖੀ ਮੌਕੇ ਵੱਧ ਤੋਂ ਵੱਧ ਸੰਗਤਾਂ ਨੂੰ ਗੁਰੂ ਵਾਲੇ ਬਣਨ ਦੀ ਕੀਤੀ ਪ੍ਰੇਰਨਾ

## ਇੰਟਰਨੈਸ਼ਨਲ ਪੰਥਕ ਦਲ ਵਲੋਂ ਸਜਾਏ ਗਏ 44ਵੇਂ ਨਗਰ ਕੀਰਤਨ ਦਾ ਪਿੰਡ-ਪਿੰਡ 'ਚ ਭਰਵਾਂ ਸਵਾਗਤ

• ਵਿਸ਼ੇਸ਼ ਰਿਪੋਰਟ : ਆਵਾਜ਼ਿ ਕੌਮ, ਯੂ. ਕੇ.

ਅੱਜ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜੇ ਗਏ ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਤ 44ਵਾਂ ਨਗਰ ਕੀਰਤਨ ਇੰਟਰਨੈਸ਼ਨਲ ਪੰਥਕ ਦਲ ਵੱਲੋਂ ਪੂਰਣ ਸ਼ਰਧਾ ਤੇ ਉਤਸ਼ਾਹ ਨਾਲ ਸਜਾਇਆ ਗਿਆ। ਸਰਹੱਦੀ ਇਲਾਕੇ ਖੇਮਕਰਨ ਦੇ ਨੇੜੇ ਗੁਰਦੁਆਰਾ ਸਾਹਿਬ ਪਿੰਡ ਡਿੱਬੀਪੁਰਾ ਤੋਂ ਸਵੇਰੇ ਅਰਦਾਸ ਕਰਨ ਉਪ੍ਰੰਤ ਆਰੰਭ ਹੋਇਆ। ਇਹ ਨਗਰ ਕੀਰਤਨ ਪਿੰਡ ਦਾਊਦਪੁਰਾ, ਬੱਲੀਆਂ ਵਾਲਾ, ਨਵਾਂ ਪਿੰਡ, ਅਲਗੋ ਕਲਾਂ, ਵਾੜਾ ਸ਼ੇਰ ਸਿੰਘ, ਅਲਗੋ ਕੋਠੀ, ਮਾੜੀ ਨੌਬਾਦ, ਛੋਟਾ ਭਗਵਾਨਪੁਰਾ, ਵੱਡਾ ਭਗਵਾਨਪੁਰਾ, ਲੱਧੂ ਆਦਿ ਪਿੰਡਾਂ ਵਿੱਚੋਂ ਗੁਰਬਾਣੀ ਗਾਇਨ ਕਰਦਾ ਹੋਇਆ ਤੇ ਸੰਗਤਾਂ ਨੂੰ ਗੁਰੂ ਦੇ ਲੜ ਲਗਣ ਦੀ ਪ੍ਰੇਰਨਾ ਕਰਦਾ ਹੋਇਆ ਗੁਰਦੁਆਰਾ ਸਾਹਿਬ ਭਾਈ ਲੱਧਾ ਜੀ ਵਿਖੇ ਅਰਦਾਸ ਉਪ੍ਰੰਤ ਸਮਾਪਤ ਹੋਇਆ।

ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਸਾਬਕਾ ਜਥੇਦਾਰ ਗਿਆਨੀ ਜਸਵੀਰ ਸਿੰਘ ਜੀ ਰੋਡੇ ਜੋ ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਵੀ ਹਨ, ਦੇ ਸੁਯੋਗ ਪ੍ਰਬੰਧਾਂ ਨਾਲ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਰਹਿਨੁਮਾਈ



*ਨਗਰ ਕੀਰਤਨ ਦੌਰਾਨ ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਰੋਡੇ, ਬਾਬਾ ਜਤਿੰਦਰ ਸਿੰਘ ਗੋਬਿੰਦਬਾਗ ਵਾਲੇ, ਸੰਤ ਚਰਨਜੀਤ ਸਿੰਘ ਜੱਸੋਵਾਲ, ਬਾਬਾ ਸਵਰਨਜੀਤ ਸਿੰਘ, ਬਾਬਾ ਸਤਨਾਮ ਸਿੰਘ ਵਲੀਆਂ ਅਤੇ ਹੋਰ।*

ਹੇਠ ਅਤੇ ਪੰਜ ਪਿਆਰੇ ਸਾਹਿਬਾਨ ਦੀ ਅਗਵਾਈ ਹੇਠ ਸਜਾਏ ਗਏ ਇਸ ਨਗਰ ਕੀਰਤਨ ਦਾ ਸਭਨਾ ਪਿੰਡਾਂ ਵਿਚ ਸੰਗਤਾਂ ਨੇ ਉਤਸ਼ਾਹ ਨਾਲ ਸਵਾਗਤ ਕੀਤਾ ਤੇ ਪੂਰਣ ਸ਼ਰਧਾ ਨਾਲ ਗੁਰਬਾਣੀ ਸਰਵਣ ਕੀਤੀ।

ਸੰਗਤਾਂ ਵੱਲੋਂ ਹਰ ਪਿੰਡ ਵਿੱਚ ਲੰਗਰ ਲਗਾਏ ਗਏ। ਇਸ ਨਗਰ ਕੀਰਤਨ ਦੌਰਾਨ ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਰੋਡੇ ਨੇ ਆਪਣੇ ਸੰਬੋਧਨ ਵਿੱਚ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਖਾਲਸਾ ਸਾਜਨਾ ਦਿਵਸ ਤੇ ਸਿੱਖ ਪੰਥ ਦੇ ਸੂਰਮਿਆਂ ਵੱਲੋਂ ਕੀਤੀਆਂ ਮਹਾਨ ਕੁਰਬਾਨੀਆਂ ਨਾਲ ਸਬੰਧਤ ਇਤਿਹਾਸ ਸਰਵਣ ਕਰਵਾਇਆ। ਸਿੰਘ ਸਾਹਿਬ ਨੇ ਦੱਸਿਆ ਕਿ ਜਦੋਂ ਔਰੰਗਜ਼ੇਬ ਦੇ ਜ਼ੁਲਮਾਂ ਦੀ ਹੱਦ ਹੋ ਗਈ ਤਾਂ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਇਤਿਹਾਸਕ ਫੈਸਲਾ ਕੀਤਾ ਅਤੇ ਵਿਸਾਖੀ ਤੋਂ ਤਿੰਨ ਮਹੀਨੇ ਪਹਿਲਾਂ ਦੂਰ ਦੁਰਾਡੇ ਦੇ ਇਲਾਕਿਆਂ ਵਿਚ ਹੁਕਮਨਾਮੇ ਭੇਜ ਕੇ ਸਿੱਖ ਸੰਗਤ ਨੂੰ ਵਿਸਾਖੀ ਮੌਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਇਕੱਤਰ ਹੋਣ ਲਈ ਸੁਨੇਹੇ ਭੇਜੇ ਗਏ।

ਇਕੱਤਰ ਹੋਈ ਸੰਗਤ ਵਿੱਚੋਂ ਪੰਜ ਪਿਆਰੇ ਸਾਜ ਕੇ ਖਾਲਸਾ ਪੰਥ ਨੂੰ ਨਵੇਕਲੀ ਪਛਾਣ ਦਿਤੀ ਅਤੇ ਉਨ੍ਹਾਂ ਤੋਂ ਆਪ ਵੀ ਅੰਮ੍ਰਿਤਪਾਨ ਕੀਤਾ। ਜਿਸ ਦੀ ਮਿਸਾਲ ਸੰਸਾਰ ਭਰ ਵਿੱਚ ਕਿਤੇ ਵੀ ਨਹੀਂ ਮਿਲਦੀ। ਗੁਰੂ ਸਾਹਿਬ ਵੱਲੋਂ ਲਗਾਏ ਗਏ ਇਸ ਗੁਰਸਿੱਖੀ ਦੇ ਬੂਟੇ ਨੇ ਫੈਲ ਕੇ ਜ਼ੁਲਮੀ ਰਾਜ ਦਾ ਖੁਰਾ ਖੋਜ ਮਿਟਾਇਆ ਅਤੇ ਬੇਮਿਸਾਲ ਕੁਰਬਾਨੀਆਂ ਕੀਤੀਆਂ। ਇਸ ਮੌਕੇ ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਨੇ ਸੰਗਤਾਂ ਨੂੰ ਗੁਰੂ ਦੇ ਲੜ ਲੱਗ ਕੇ ਗੁਰੂ ਵਾਲੇ ਬਣਨ ਦੀ ਪ੍ਰੇਰਨਾ ਦਿਤੀ ਤੇ ਕਿਹਾ ਕਿ ਵਿਸਾਖੀ ਤਕ ਵੱਧ ਤੋਂ ਵੱਧ ਸੰਗਤਾਂ ਅੰਮ੍ਰਿਤਪਾਨ ਕਰਕੇ ਬਾਣੀ ਤੇ ਬਾਣੇ ਦੀਆਂ ਧਾਰਨੀ ਹੋਣ।

ਇਸ ਮੌਕੇ ਸੰਤ ਬਾਬਾ ਅਵਤਾਰ ਸਿੰਘ ਜੀ, ਸੰਤ ਬਾਬਾ ਮੌਜ ਦਾਸ ਜੀ, ਸੰਤ ਬਾਬਾ ਬਲਵਿੰਦਰ ਸਿੰਘ ਜੀ, ਸੰਤ ਬਾਬਾ ਜਸਵੰਤ ਸਿੰਘ ਜੀ ਸੋਢੀ, ਜਥੇਦਾਰ ਨਛੱਤਰ ਸਿੰਘ ਜੀ ਆਸਟ੍ਰੀਆ ਯੋਰਪ, ਭਾਈ ਜਗਤਾਰ ਸਿੰਘ ਜੀ ਰੋਡੇ, ਭਾਈ ਗੁਰਭੇਜ ਸਿੰਘ, ਸੰਤ ਬਾਬਾ ਚਰਨਜੀਤ ਸਿੰਘ, ਸੰਤ ਬਾਬਾ ਸਵਰਨਜੀਤ ਸਿੰਘ, ਜਥੇਦਾਰ ਦਲੀਪ ਸਿੰਘ ਚਕਰ, ਜਥੇਦਾਰ ਹਰਚੰਦ ਸਿੰਘ ਚਕਰ, ਬਾਬਾ ਸਤਨਾਮ ਸਿੰਘ ਵਲੀਆ, ਸੰਤ ਬਾਬਾ ਜਤਿੰਦਰ ਸਿੰਘ ਗੋਬਿੰਦ ਬਾਗ, ਸੰਤ ਬਾਬਾ ਬਲਕਾਰ ਸਿੰਘ ਦਰਾਜਕੇ, ਬਾਬਾ ਸੱਜਣ ਸਿੰਘ ਜੀ, ਜਥੇਦਾਰ ਵਜੀਰ ਸਿੰਘ ਜੀ ਵਾਂ, ਭਾਈ ਕਾਰਜ ਸਿੰਘ ਜੀ, ਜਥੇਦਾਰ ਬਲਕਾਰ ਸਿੰਘ ਜੀ, ਭਾਈ ਸਤਨਾਮ ਸਿੰਘ ਜੀ, ਭਾਈ ਕ੍ਰਿਪਾ ਸਿੰਘ ਜੀ, ਬਾਬਾ ਗੁਰਸਾਹਿਬ ਸਿੰਘ ਜੀ, ਡਾ. ਸਤਿੰਦਰਪਾਲ ਸਿੰਘ ਜੀ, ਭਾਈ ਭੁਪਿੰਦਰ ਸਿੰਘ ਜੀ ਮੱਲੀ, ਭਾਈ ਰਾਜਿੰਦਰ ਸਿੰਘ ਜੀ ਰਾਜਾ ਤੇ ਹੋਰ ਵੱਡੀ ਗਿਣਤੀ ਵਿੱਚ ਸਖਸ਼ੀਅਤਾਂ ਸ਼ਾਮਲ ਸਨ।

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਵਿੱਚ ਵਿਹੜੇ ਮੈਂ ਚਰਖ਼ਾ ਡਾਉਂਦੀ ਆ ਤੰਦ ਪਿਆਰ ਤੇਰੇ ਦੇ ਪਾਉਂਦੀ ਆ

**ਵੀਰ ਮੇਰੇ ਨੇ ਚਰਖ਼ਾ ਦਿੱਤਾ, ਵਿੱਚ ਲਵਾਈਆਂ ਮੇਖਾਂ,**
**ਵੀਰਾ ਵੇ ਤੈਨੂੰ ਯਾਦ ਕਰਾ, ਜਦ ਚਰਖੇ ਵੱਲ ਵੇਖਾ !**

ਚਰਖੇ ਦੀ ਗੱਲ ਕਰਦਿਆਂ ਹੀ ਸਾਡੀਆਂ ਸੁਘੜ ਸਿਆਣੀਆਂ ਪੜਦਾਦੀਆ ਦਾਦੀਆਂ ਤੇ ਮਾਵਾਂ ਦੇ ਕੰਮਾਂ ਦੀ ਝਲਕ ਜੋ ਵੇਖੀ ਹੈ ਉਸ ਨੂੰ ਅਸੀਂ ਅੱਖੋਂ ਓਹਲੇ ਨਹੀਂ ਕਰ ਸਕਦੇ ! ਜੋ ਹੱਥੀ ਕਪਾਹ



ਚੁਗਦੀਆਂ ਕਪਾਹ ਨੂੰ ਧੁੱਪੇ ਪਾ ਕੇ ਸੁਕਾ ਕੇ ਪੂਣੀਆਂ ਵੇਲਦੀਆਂ, ਕੱਤਦੀਆ, ਤੂੰਬਦੀਆਂ ਇੰਨੇ ਸੁੱਚਜੇ ਤੇ ਸਚਿਆਰ ਵਾਲੇ ਕੰਮ ਬੜੇ ਚਾਈ - ਚਾਈ ਕਰਦੀਆਂ ਕਦੇ ਥੁੱਕਦੀਆ ਨਹੀਂ ਸੀ !ਹੱਥੀ ਕੰਮ ਕਰਨ ਨੂੰ ਬਰਕਤ ਮੰਨਦੀਆਂ ਸੀ !ਵੱਡੀ ਟੱਬਰਦਾਰੀ ਵਿੱਚ ਵੀ ਸੁਵੱਖਤੇ ਉੱਠ ਕੇ ਘਰ ਦੇ ਸਾਰੇ ਕੰਮਕਾਜ ਨਿਪਟਾ ਕੇ ਜਦੋਂ ਵਿਹਲ ਮਿਲਦੀ ਤਾਂ ਵਿਹੜੇ ਦਾ ਸਿੰਗਾਰ ਚਰਖ਼ਾ ਡਾਹ ਕੇ ਕੱਤਣ ਲੱਗ ਜਾਂਦੀਆਂ ਸੀ !

ਉਹ ਵਕਤ ਕਿੱਥੇ ਚਲੇ ਗਏ ਜਦੋਂ ਹਰ ਵਿਹੜੇ ਵਿੱਚ ਚਰਖੇ ਦੀ ਮਿੱਠੀ -ਮਿੱਠੀ ਘੂਕਰ ਕੰਨਾ ਨੂੰ ਸੁਣਨ ਲਈ ਮਿਲਦੀ ਸੀ !ਮਾਪੇ ਬੜੇ ਚਾਅ ਦੇ ਨਾਲ਼ ਆਪਣੀਆਂ ਧੀਆਂ ਨੂੰ ਚਰਖਾ ਦਾਜ ਵਿੱਚ ਦਿੰਦੇ ਸੀ ! ਚਰਖ਼ੇ ਦੇ ਉੱਤੇ ਮੇਖਾਂ ਤੇ ਸੀਸਿਆ ਦੀ ਜੜਤ ਜੜੀ ਹੁੰਦੀ ਤੇ ਬੇੜ ਦੇ ਵਿਚਕਾਰ ਪੂਣੀਆਂ ਦਿੱਤੀਆਂ ਹੁੰਦੀਆਂ ਸੀ !ਜਦੋਂ ਕੋਈ ਆਂਢ ਗੁਆਂਢ ਦੀ ਜ਼ਨਾਨੀ ਦਾਜ ਵੇਖਣ ਆਉਂਦੀ ਤਾਂ ਦੂਸਰੀਆਂ ਔਰਤਾਂ ਨੂੰ ਜਾਂ ਕੇ ਦੱਸਦੀ ਕੇ ਦਾਜ ਵਿੱਚ ਬਹੁਤ ਸੋਹਣਾ ਚਰਖਾ ਆਇਆਂ ਏ !ਉਹ ਚਰਖ਼ਾ ਜਿਸ ਉੱਪਰ ਸੂਹੇ ਰੰਗ ਦੀ ਫ਼ੁਲਕਾਰੀ ਦੇ ਕੇ ਬੜੇ ਸਗਨਾਂ ਨਾਲ਼ ਭੇਜਿਆ ਜਾਂਦਾ ਸੀ !ਮੁਟਿਆਰਾ ਵੀ ਆਪਣੀ ਜਾਣ ਤੋਂ ਵੱਧ ਆਪਣੇ ਚਰਖੇ ਨੂੰ ਸਾਂਭ ਸੰਭਾਲ ਕੇ ਰੱਖਦੀਆਂ ਸੀ !ਆਪਣਾ ਚਰਖਾ ਕਿਸੇ ਨੂੰ ਮੰਗਵਾ ਨਹੀ ਸੀ ਦਿੰਦੀਆਂ

ਨਵਵਿਆਹੀ ਦੇ ਹੁਨਰ ਨੂੰ ਪਰਖਣ ਲਈ ਵੀ ਸਿਆਣੀਆਂ ਜਨਾਨੀਆਂ ਕੱਤਦੀਆ ਕਹਿੰਦੀਆਂ ਵਹੁਟੀ ਕੋਲੋਂ ਵੀ ਤੰਦ ਪਵਾ ਲਓ !ਚਰਖਾ ਸੋਹਣਾ ਕੱਤਦੀ ਕੇ ਨਹੀਂ !ਇਨ੍ਹਾਂ ਕੰਮਾਂ ਤੋਂ ਔਰਤ ਦੇ ਸੁਚੱਜੇਪਨ ਨੂੰ ਪੁਰਾਣੀਆਂ ਔਰਤਾਂ ਝੱਟ ਟੋਹ ਲੈਂਦੀਆਂ ਸੀ !ਨਵਵਿਆਹੀ ਵੀ ਪੇਕਿਆਂ ਵੱਲੋ ਦਿੱਤੇ ਰੰਗਲੇ ਪੀੜੇ ਤੇ ਬੈਠ ਕੇ ਪੂਣ ਸਿਲਾਈਆ ਵਰਗੀਆਂ ਨਾਜ਼ੁਕ ਉਂਗਲਾਂ ਨਾਲ਼ ਜਦੋਂ ਤੰਦ ਪਾਉਂਦੀ ਤਾਂ ਉਹਦਾ ਰੂਪ ਹੋਰ ਵੀ ਦੂਣ ਸਵਾਇਆ ਲੱਗਦਾ !

ਚਰਖ਼ੇ ਦੇ ਦੁਆਲੇ ਰੌਣਕਾਂ ਲੱਗਦੀਆਂ ਇਹ ਵਿਆਹੀਆਂ ਤੇ ਕੁਵਾਰੀਆ ਨੂੰ ਇਕਠੀਆ ਕਰਨ ਦਾ ਇੱਕ ਸਬੱਬ ਵੀ ਸੀ !ਭਾਵ, ਤ੍ਰਿਞੰਣ ਦਾ ਰੂਪ ਸੀ !ਰਾਤ ਦੇ ਸਮੇਂ ਆਂਢ ਗੁਆਂਢ ਦੀਆਂ ਕੁੜੀਆਂ ਤੇ ਚਾਚੀਆਂ ਤਾਈਆ ਇਕੱਠੀਆਂ ਹੋ ਕੇ ਚਰਖੇ ਕੱਤਦੀਆਂ !ਇੱਕ ਵੱਡੇ ਸੂਫੇ ਵਿੱਚ ਸਾਰੇ ਚਰਖ਼ੇ ਡਾਹ ਲੈਂਦੀਆਂ ਚਾਰ ਚਰਖਿਆਂ ਦੀਆਂ ਗੁੱਡੀਆ ਨਾਲ਼ ਗੁੱਡੀਆ ਜੋੜ ਕੇ ਵਿਚਕਾਰ ਚੱਠੂ ਮੂਧਾ ਮਾਰ ਕੇ ਦੀਵਾ ਰੱਖ ਲੈਣਾ ਅੱਧੀ -ਅੱਧੀ ਰਾਤ ਤੱਕ ਕੱਤਦੀਆ ਰਹਿੰਦੀਆਂ ਸੀ !ਇਹ ਖ਼ੁਸੀਆਂ ਦਾ ਅਜਿਹਾ ਕੇਂਦਰ ਸੀ ਜਦੋਂ ਦਿਲ ਕਰਨਾ ਨੱਚਣ ਲੱਗ ਪੈਣਾ ਕਹਿਣਾ ਚਲੋ ਲੱਕ ਸਿੱਧਾ ਕਰ ਲਈਏ !ਹਾਸੇ ਮਜ਼ਾਕ ਨਾਲ਼ ਗੱਲਾਂ ਕਰਨੀਆਂ ਪਿਆਰ ਤੇ ਏਕਤਾ ਨਾਲ਼ ਰਹਿਣਾ !ਇੱਕ ਦੂਸਰੀ ਦਾ ਦੁੱਖ ਸੁੱਖ ਵੀ ਬਹੁਤ ਧਿਆਨ ਨਾਲ਼ ਸੁਣਨਾ ਦੁੱਖ ਸੁੱਖ ਵੰਡਾਉਣ ਦੀਆਂ ਭਾਈਵਾਲ ਵੀ ਸੀ !ਸੋਹਣੀਆਂ ਸੁਨੱਖੀਆਂ ਮੁਟਿਆਰਾਂ ਆਪਣੇ ਜਜਬਾਤਾਂ, ਪਿਆਰ ਕਹਾਣੀਆਂ ਨੂੰ ਤ੍ਰਿਞੰਣ ਵਿੱਚ ਬੈਠੀਆਂ ਆਪਣੀ ਸਕੀ ਸਹੇਲੀ ਨਾਲ਼ ਆਪਣੇ ਦਿਲ ਦੀ ਗੁੱਥੀ ਖੋਲ੍ਹਦੀਆਂ !ਸੋ ਅੱਲੜਾਂ ਦੀਆਂ ਆਸਾ ਉਮੰਗਾਂ , ਖ਼ੁਸੀਆਂ ਖੇੜਿਆਂ ਪ੍ਰੇਸ਼ਾਨੀਆਂ, ਗਮੀਆਂ ਨੂੰ ਅਦਾਨ ਪ੍ਰਦਾਨ ਕਰਾਉਣ ਵਿੱਚ ਚਰਖਾ ! ਇੱਕ ਧੁਰੇ



ਦਾ ਕੰਮ ਕਰਦਾ ਸੀ !

ਘਰ ਦਾ ਗੁਜ਼ਾਰਾ ਚਲਾਉਣ ਦਾ ਸਾਧਨ ਵੀ ਸੀ !ਜਨਾਨੀਆਂ ਸੂਤ ਕੱਤ ਕੇ ਵੱਡੇ ਗੋਲੇ ਕਰਕੇ ਖੱਦਰ ਭੰਡਾਰ ਵਿੱਚ ਵੇਚ ਕੇ ਆਉਂਦੀਆਂ ਪੈਸੇ ਲੈ ਕੇ ਆਪਣੇ ਘਰ ਦਾ ਗੁਜ਼ਾਰਾ ਕਰਦੀਆਂ !

ਚਰਖੇ ਦਾ ਪੰਜਾਬੀ ਸੱਭਿਆਚਾਰ ਵਿੱਚ ਅਹਿਮ ਰੋਲ ਰਿਹਾ ਹੈ !ਗੀਤਾਂ ਤੇ ਲੋਕ ਗੀਤਾਂ ਵਿੱਚ ਚਰਖੇ ਦੀ ਉਪਮਾ ਕੀਤੀ ਗਈ ਹੈ !ਪੰਜਾਬਣ ਦੀ ਆਂਨ ਤੇ ਸਾਂਨ ਵੀ ਸੀ ! ਜਦੋਂ ਕਿਸੇ ਔਰਤ ਦਾ ਮਾਹੀ ਪਰਦੇਸ ਹੁੰਦਾਂ ਤੇ ਚਰਖ਼ਾ ਡਾਹ ਕੇ ਉੱਚੀ ਸੁਰ ਵਿੱਚ ਆਪਣੇ ਵਿਛੋੜੇ ਦੇ ਦਰਦ ਨੂੰ ਚਰਖ਼ਾ ਕੱਤਦੀ ਇਸ ਤਰ੍ਹਾਂ ਬਿਆਨ ਕਰਦੀ !

**ਚਰਖ਼ਾ ਡਾਹਿਆ ਤੇ ਹੌਕਾ ਆਇਆਂ,**
**ਸਾਨੂੰ ਮਾਹੀ ਦੀ ਯਾਦ ਸਤਾਇਆ, ਰੱਬਾ ਕਦੋਂ ਮਿਲੀਏ,**
**ਕਦੋਂ ਮਿਲੀਏ ਨੀ ਮੇਰੀਏ ਜਾਨੇ,**
**ਜਿੰਦ ਪੈ ਗਈ ਵੱਸ ਬਿਗਾਨੇ, ਰੱਬਾ ਕਦੋਂ ਮਿਲੀਏ !**

ਅੱਜ ਉਸ ਚਰਖ਼ੇ ਵੱਲ ਵੇਖ ਆਪ ਮੁਹਾਰੇ ਹੀ ਅੱਖਾਂ ਵਿੱਚ ਅੱਥਰੂ ਭਰ ਜਾਂਦੇ ਨੇ ! ਘਰ ਦੇ ਕਿਸੇ ਖੂੰਝੇ ਵਿੱਚ ਪਿਆ ਬਿੱਟ -ਬਿੱਟ ਤੱਕਦਾ ਹੈ ਕਿ ਵਿਹੜੇ ਵਿੱਚ ਕੀਤੀ ਸਰਦਾਰੀ ਪੀੜ੍ਹੀ ਦਰ ਪੀੜ੍ਹੀ ਪਿਆਰ ਦੀਆਂ ਕੱਤੀਆਂ ਤੰਦਾਂ ਮੇਰੇ ਤੋਂ ਲੈ ਕੇ ਅੱਜ ਖੇਰੂ -ਖੇਰੂ ਕਰਕੇ ਸੁੱਟਿਆ ਪਿਛਲੇ ਤੂੜੀ ਵਾਲੇ ਅੰਦਰ ਪਿਆ ਦਿਖਾਈ ਦਿੰਦਾ ਹੈ !ਕਈ ਵਾਰ ਤਾਂ ਬੱਚੇ ਉਸਦੇ ਅੰਗਾਂ ਨਾਲ਼ ਖਿਡੌਣਿਆਂ ਵਾਂਗ ਖੇਡਦੇ ਨੇ !ਮੈ ਆਪਣੇ ਕਿਸੇ ਨਜ਼ਦੀਕੀ ਰਿਸ਼ਤੇਦਾਰ ਨੂੰ ਮਿਲਣ ਗਈ !ਉਹਨਾਂ ਨੇ ਚਰਖ਼ੇ ਦੇ ਫਟ ਪਹੀਏ ਦਾ ਮੇਜ਼ ਬਣਾਇਆ ਸੀ ਮੇਜ਼ ਉੱਪਰ ਚਾਹ ਰੱਖਦਿਆਂ ਉਹਨਾਂ ਨੂੰ ਮੈ

ਸਵਾਲ ਕੀਤਾ ਕਿ ਇਹ ਮੇਜ਼ ਤੁਸੀਂ ਚਰਖ਼ੇ ਦਾ ਬਣਾਇਆ ਹੈ !ਉਹਨਾਂ ਮੈਨੂੰ ਮੋੜਵਾਂ ਜਵਾਬ ਦਿੰਦਿਆਂ ਕਿਹਾ ਇਹ ਸਾਡੀ ਦਾਦੀ ਦਾ ਚਰਖ਼ਾ ਪਿਆ ਸੀ ਅਸੀਂ ਸੋਚਿਆਂ ਪੁਰਾਣੀ ਲੱਕੜ ਹੈ ਘੁਣ ਨਹੀਂ ਲੱਗਣਾ ਚਲੋ ਇਸ ਦਾ ਮੇਜ਼ ਬਣਾ ਲੈਂਦੇ ਹਾਂ !ਬੱਚਿਆਂ ਨੂੰ ਤੇ ਪਤਾ ਨਹੀਂ ਇਹ ਕਈ ਹੈ ?ਇਹਨੂੰ ਅੱਜਕਲ੍ਹ ਕੌਣ ਪੁੱਛਦਾ !ਮੈ ਬਹੁਤ ਦੇਰ ਤਾਂ ਚੁੱਪ ਰਹੀ ਫਿਰ ਪੁੱਛਿਆ ਤੁਹਾਡੀ ਦਾਦੀ ਦੇ ਹੱਥ ਦੀਆਂ ਬਣੀਆਂ ਦਰੀਆ, ਖੇਸ਼ ਰੇਜੇ ਗ਼ਲੀਚੇ ਇਸ ਚਰਖ਼ੇ ਦੀ ਹੀ ਦੇਣ ਨੇ !ਜਿਸ ਦੇ ਸਿਰ ਉੱਪਰ ਚਾਹ ਰੱਖ ਕੇ ਅਸੀਂ ਚਾਹ ਦੀਆਂ ਚੁਸਕੀਆਂ ਭਰ ਕੇ ਲੁਤਫ਼ ਲੈ ਰਹੇ ਹਾਂ !

**ਆਓ ਹੁਣ ਅਸੀਂ ਚਰਖ਼ੇ ਦੀ ਬਣਤਰ ਦੀ ਗੱਲ ਕਰਦੇ ਹਾਂ**

ਚਰਖ਼ਾ :ਚਰਖ਼ਾ ਕੱਤਣਾ ਵੀ ਬਹੁਤ ਵੱਡੀ ਹੁਨਰ ਦੀ ਗੱਲ ਹੈ !ਇਸਦੇ ਸੂਤ ਤੋਂ ਹੀ ਵੱਖ -ਵੱਖ ਤਰ੍ਹਾਂ ਦੇ ਕੱਪੜੇ ਤਿਆਰ ਕੀਤੇ ਜਾਂਦੇ ਸੀ !ਸੱਸਾਂ ਨੂੰਹ ਨੂੰ ਕਦੇ ਵੀ ਵਿਹਲੀਆਂ ਨਹੀਂ ਸੀ ! ਬੈਠਣ ਦਿੰਦੀਆਂ !ਘਰ ਦਾ ਕੰਮ ਕਾਰ ਖ਼ਤਮ ਹੁੰਦਾਂ ਤਾਂ ਚੁੱਲ੍ਹੇ ਤੇ ਲਾ ਦਿੰਦੀਆਂ !ਇਸ ਗੱਲ ਦੀ ਅਗਵਾਈ ਇਹ ਲੋਕ ਗੀਤ ਦਿੰਦਾ ਹੈ !

ਵੇ ਬੀਬਾ, ਵੇਹੜੇ ਤੇ ਸਾਡੇ ਨਿੰਮ ਨਿਸ਼ਾਨੀ, ਉਹਦੀ ਤੇ ਛਾਵੇਂ ਬਹਿਨੀਆ ਵੇ,

**ਵੇ ਬੀਬਾ, ਅੱਗੇ ਆ ਚਰਖ਼ਾ ਤੇ, ਪਿੱਛੇ ਆ ਪੀੜ੍ਹਾ,**
**ਨਰਮੇ ਦਾ ਸੂਤ ਕਤੇਨੀਆਂ ਵੇ !**

ਜਦੋਂ ਖੂਹ ਤੋਂ ਮਾਹੀ ਘਰ ਕੰਮ ਕਾਰ ਕਰਕੇ ਆਉਂਦਾ ਉਸ ਸਮੇਂ ਜ਼ਨਾਨੀ ਹਨੋੜਾ ਮਾਰ ਇਹ ਬੋਲੀ ਬੋਲ ਕੇ ਕਹਿੰਦੀ

**ਉੱਥੇ ਲੈ ਚੱਲ ਚਰਖ਼ਾ ਮੇਰਾ,**
**ਜਿੱਥੇ ਤੇਰੇ ਹੱਲ ਵਗਦੇ !**

ਫੱਟੀ :ਚਰਖ਼ੇ ਦਾ ਜੋ ਮੁੱਢ ਬੰਨਦੀ ਇਹ ਲੰਮੀ ਫੱਟੀ ਹੁੰਦੀ ਹੈ !ਪਿੱਛੋਂ ਇਹ ਚੋੜੀ ਤੇ ਵੱਡੀ ਫੱਟੀ ਹੁੰਦੀ ਹੈ !ਅੱਗੋਂ ਛੋਟੀ ਫੱਟੀ ਸਾਥ ਨਿਭਾਉਂਦੀ ਹੈ !

ਮੁੰਨੇ :ਚਰਖ਼ੇ ਦੇ ਦੋ ਮੁੰਨੇ ਹੁੰਦੇ ਨੇ, ਇਹ ਮੁੰਨੇ ਪਿਛਲੀ ਵੱਡੀ ਫੱਟੀ ਤੇ ਬਣੇ ਹੁੰਦੇ ਹਨ !ਇਨ੍ਹਾਂ ਦੀ ਲੰਬਾਈ ਢਾਈ ਗਿੱਠਾ ਹੁੰਦੀ ਹੈ !

ਬੋਲੀ ਮੁੰਨੇ ਬਾਰੇ

**ਵੀਰ ਮੇਰੇ ਨੇ ਵ੍ਹਹਟੀ ਲਿਆਂਦੀ,**
**ਜਿਓ ਚਰਖ਼ੇ ਦਾ ਮੁੰਨਾ ਤੁਰਦੀ ਦਿੱਸਦੀ ਨਾ,**
**ਘਰ ਸੁੰਨੇ ਦਾ ਸੁੰਨਾ !**

ਗੁੱਝ :ਦੋ ਮੁੰਨਿਆ ਵਿਚਕਾਰ ਗੁੱਝ ਹੁੰਦੀ ਹੈ !ਇਹ ਲੱਕੜ ਜਾਂ ਲੋਹੇ ਦੀ ਹੁੰਦੀ ਹੈ !ਇਹ ਚਰਖ਼ੇ ਦਾ ਮੁੱਖ ਧੁਰਾ ਹੈ, ਜਿਸ ਨਾਲ਼ ਚਰਖ਼ਾ ਚੱਲਦਾ ਹੈ !

ਮੰਝੇਰੂ :ਗੁੱਝ 'ਚ ਮਝੇਰੂ ਪਾਇਆ ਜਾਂਦਾ ਹੈ !

ਫਟ :ਦੋ ਮੁੰਨਿਆ ਵਿਚਕਾਰ ਦੋ ਫਟ ਹੁੰਦੇ ਹਨ !ਇਹ ਫਟ ਇੱਕ ਪਹੀਏ ਵਾਂਗ ਹੁੰਦੇ ਹਨ !ਪਹੀਏ ਉੱਪਰ ਸੂਤ ਦੀ ਰੱਸੀ ਪਾਈ ਹੁੰਦੀ ਏ !ਇਸਨੂੰ ਬੇੜ ਜਾਂ ਕਸਣ ਆਖਦੇ ਹਨ !ਮਾਲ੍ਹ : ਮਾਲ੍ਹ ਸੱਤ ਜਾਂ ਅੱਠ ਤੰਦਾਂ ਦੀ ਬਣਾ ਕੇ ਪਾਈ ਜਾਂਦੀ ਹੈ !

ਗੁੱਡੀਆਂ :ਅਗਲੀ ਫੱਟੀ ਤੇ ਤਿੰਨ ਗੁੱਡੀਆਂ ਜੁੜੀਆਂ ਹੁੰਦੀਆਂ ਨੇ !ਇੰਨ੍ਹਾਂ ਦੀ ਲੰਬਾਈ ਇੱਕ ਗਿੱਠ ਹੁੰਦੀ ਹੈ !ਵਿਚਕਾਰਲੀ ਗੁੱਡੀ ਵਿੱਚ ਪੁਲੰਦ ਕੱਚੇ ਸੂਤ ਦੇ ਨਾਲ਼ ਬਣਾਇਆ ਜਾਂਦਾ ਹੈ !ਇਸ ਦੇ ਉੱਪਰ ਮਾਲ੍ਹ ਚੱਲਦੀ ਹੈ !ਤੱਕਲੇ ਦੇ ਨਾਲ਼ ਪਲੰਦ ਬਣਾਇਆ ਜਾਂਦਾ ਹੈ !

ਚਰਮਖਾਂ :ਚਰਮਖਾਂ ਆਸੇ ਪਾਸੇ ਵਾਲੀਆਂ ਗੁੱਡੀਆਂ ਦੇ ਵਿਚਕਾਰੋਂ ਦੀ ਲੰਘਾਈਆ ਜਾਂਦੀਆਂ ਨੇ ਇਹ ਅੱਗੋਂ ਵੱਧੀਆ ਹੁੰਦੀਆਂ ਨੇ !ਇਹ ਤੱਕਲੇ ਦੇ ਵਿੱਚੋਂ ਦੀ ਲੰਘਾਈਆ ਜਾਂਦੀਆਂ ਹਨ !

ਤੱਕਲਾ :ਇਹ ਲੋਹੇ ਦੀ ਤਿੱਖੀ ਸੀਖ ਹੁੰਦੀ ਹੈ !ਜਿਸਨੂੰ ਤੱਕਲਾ ਆਖਦੇ ਨੇ !ਇਹਦੇ ਉੱਪਰ ਤੰਦ ਪਾਇਆ ਜਾਂਦਾ ਹੈ !

ਬੀੜੀਆ :ਬੀੜੀਆ ਬੰਨ੍ਹਣੀਆ , ਇਹ ਇਸ ਕਰਕੇ ਬੰਨ੍ਹਈਆ ਜਾਂਦੀਆਂ ਸੀ ਕਿ ਚਰਮਖਾਂ ਅੱਗੇ ਪਿੱਛੇ ਨਾ ਜਾਣ !

ਹੱਥਾਂ :ਹੱਥਾਂ ਜਾਂ ਹੱਥੜਾ ਇਹ ਗੁੱਝ 'ਚ ਲੱਗਿਆ ਹੁੰਦਾਂ ਆ, ਇਹ ਹੱਥ ਨਾਲ਼ ਘੁਮਾਉਂਦੇ ਆ !

ਮਾਲ੍ਹ :ਮਾਲ੍ਹ ਇਸ ਕਰਕੇ ਹੁੰਦੀ ਇਹ ਦੋਵਾਂ ਪਾਸਿਆਂ ਤੋਂ ਚੱਲੇ, ਇਹ ਸੱਤ ਜਾਂ ਅੱਠ ਤੰਦ ਦੀ ਮਾਲ੍ਹ ਬਣਾਉਂਦੇ !

ਰੂੰ : ਚਿੱਟੇ ਰੂੰ ਦੀਆਂ ਪੂਣੀਆਂ ਬਣਾਈਆਂ ਜਾਂਦੀਆਂ ਸੀ !

ਰੂੰ ਬਾਰੇ ਬੋਲੀ

ਚਿੱਟੀ -ਚਿੱਟੀ ਰੂੰਈ ਕਦੇ ਪਿੰਜਣੀ ਪਊਗੀ
ਸੱਸ ਨਾ ਸਲਾਹੀਏ ਕਦੇ ਨਿੰਦਣੀ ਪਊਗੀ !

ਤੰਦ :ਰੰਗਲੇ ਪੀੜ੍ਹੇ ਤੇ ਬੈਠੀ ਮੁਟਿਆਰ ਨਾਜ਼ੁਕ ਨਰਮ ਪੋਟਿਆਂ ਦੇ ਨਾਲ਼ ਪੂਣੀ ਫੜ ਕੇ ਲੰਮੀ ਬਾਂਹ ਕਰਕੇ ਵੀਣੀ ਵਿੱਚ ਪਾਈਆ ਵੰਗਾਂ ਦੀ ਛਣਕਾਰ ਪੈਦੀ ਜਦੋਂ ਤੱਕਲੇ ਤੇ ਲੰਮੇ ਲੰਮੇ ਤੰਦ ਪਾਉਂਦੀ !

**ਲੰਮੇ -ਲੰਮੇ ਤੰਦ ਨੀ ਮੈ ਚਰਖ਼ੇ ਤੇ ਪਾਉਂਦੀ ਆ**
**ਤੱਕ ਤੱਕ ਰਾਹਾਂ ਸਾਰਾ ਦਿਨ ਮੈ ਲੰਘਾਉਂਦੀ ਆ**
**ਯਾਦ ਕਰਾ ਤੈਨੂੰ ਹਰ ਵੇਲੇ ਤੂੰਬਾ ਵੱਜਦਾ ਜਾਲਮਾਂ ਵਿੱਚ ਵਿਹੜੇ !**

ਛੱਲੀਆਂ :ਛੱਲੀਆਂ ਕੱਤ ਕੱਤ ਕੇ ਪਟਾਰੀ ਭਰ ਲੈਦੀਆਂ ਸੀ !

ਮੇਰੀ ਛੱਲੀ ਚੁਰਾ ਕੇ ਲੈ ਗਿਆ,
ਹਾਏ ਮੇਰੀ ਛੱਲੀ !

ਬੋਲੀ :

ਛੱਲੀਆਂ ਛੱਲੀਆਂ ਵੀਰਾ ਵੇ ਮੈਨੂੰ ਲਾ ਚੱਲ ਵੇ,
ਮੇਰੀਆਂ ਕੱਤਣ ਸਹੇਲੀਆਂ ਇਕੱਲੀਆਂ !

ਅਸੀਂ ਮੰਨਦੇ ਹਾਂ ਕਿ ਤਬਦੀਲੀ ਆਉਣੀ ਬਹੁਤ ਜ਼ਰੂਰੀ ਹੈ !ਤਬਦੀਲੀ ਤੋਂ ਬਿਨਾਂ ਮਨੁੱਖ ਅੱਗੇ ਨਹੀਂ ਵੱਧ ਸਕਦਾ ! ਤਬਦੀਲੀ ਦੇ ਨਾਲ਼ ਨਾਲ਼ ਸਾਨੂੰ ਪੁਰਾਣੇ ਸਮੇਂ ਦੀਆਂ ਕਿਰਤ ਨਾਲ਼ ਜੁੜੀਆਂ ਵਸਤਾਂ ਨੂੰ ਕਦੇ ਵੀ ਅੱਖੋਂ ਓਹਲੇ ਨਹੀਂ ਕਰਨਾ ਚਾਹੀਦਾ ਸਗੋ ਉਹ ਸਭ ਚੀਜਾਂ ਸਾਂਭ ਕਿ ਰੱਖਣੀਆਂ ਚਾਹੀਦੀਆਂ ਨੇ ਜਿੰਨ੍ਹਾਂ ਨਾਲ਼ ਸਾਡੇ ਵੱਡੇ ਵਡੇਰਿਆਂ ਦੀਆਂ ਗੂੜੀਆਂ ਸਾਂਝਾ ਸੀ !ਆਪਣੀਆਂ ਆਉਣ ਵਾਲੀਆ ਪੀੜੀਆ ਨੂੰ ਉਹਨਾਂ ਦੇ ਸਖ਼ਤ ਮੁਸ਼ੱਕਤ ਵਾਲੇ ਕੰਮਾ ਬਾਰੇ ਜਾਣੂ ਕਰਵਾ ਸਕੀਏ !ਸਾਡੇ ਵੱਡੇ ਵਡੇਰੇ ਕਿੰਨੇ ਮਿਹਨਤੀ ਤੇ ਸੁਘੜ ਸਿਆਣੇ ਸੀ ਇੰਨ੍ਹਾ ਚੀਜਾਂ ਤੋਂ ਰਿਸ਼ਿਤਆਂ ਦੀ ਗੂੜੀ ਨਿੱਘਤਾਂ ਦੀ ਪਹਿਚਾਣ ਤਾਂ ਹੀ ਹੋਵੇਗੀ ਜੇ ਅਸੀ ਖ਼ੁਦ ਆਪਣੇ ਨਾਨੇ ਨਾਨੀਆਂ, ਦਾਦੇ ਦਾਦੀਆਂ ਦੀਆਂ ਹੱਥਾਂ ਦੀਆਂ ਬਣੀਆਂ ਵਸਤਾਂ ਬਾਰੇ ਆਪਣੇ ਬੱਚਿਆਂ ਨੂੰ ਦੱਸੀਏ !

**-ਬਲਜਿੰਦਰ ਕੌਰ ਬੱਲ , ਮਾਝਾ ਪੰਜਾਬੀ ਸੱਥ ਬੁਤਾਲਾ**
**ਪਿੰਡ ਬੁਤਾਲਾ, ਫ਼ੋਨ ਨੰਬਰ 8437221239**

# ਰਵਿੰਦਰ ਸਿੰਘ ਖ਼ੁਰਾਨਾ ਅਕਾਲੀ ਦਲ ਬਾਦਲ ਛੱਡ ਟੀਮ ਕਾਲਕਾ ਦਾ ਬਣੇ ਹਿੱਸਾ

**ਨਵੀਂ ਦਿੱਲੀ, 9 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ)**-ਦਿੱਲੀ ਦੀ ਸਿੱਖ ਰਾਜਨੀਤੀ ਵਿੱਚ ਅਕਾਲੀ ਦਲ ਬਾਦਲ ਨੂੰ ਉਸ ਵੇਲੇ ਇੱਕ ਹੋਰ ਵੱਡਾ ਝਟਕਾ ਲੱਗਿਆ ਜਦੋਂ ਪਾਰਟੀ ਦੇ ਸੀਨੀਅਰ ਨੇਤਾ ਸਰਦਾਰ ਰਵਿੰਦਰ ਸਿੰਘ ਖੁਰਾਨਾ ਆਪਣੇ ਸੈਂਕੜਿਆਂ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਵਿੱਚ ਸ਼ਾਮਲ ਹੋ ਗਏ। ਸਰਦਾਰ ਹਰਮੀਤ ਸਿੰਘ ਕਾਲਕਾ ਅਤੇ ਸਰਦਾਰ ਐਮ.ਪੀ. ਚੱਢਾ ਵੱਲੋਂ ਉਨ੍ਹਾਂ ਨੂੰ ਪਾਰਟੀ ਦਾ ਪਟਕਾ ਪਹਿਨਾ ਕੇ ਸ਼ਾਮਲ ਕੀਤਾ ਗਿਆ। ਇਸ ਦੇ ਨਾਲ ਹੀ ਉਨ੍ਹਾਂ ਨੂੰ ਪਾਰਟੀ ਦਾ ਸਰਪ੍ਰਸਤ ਐਲਾਨਿਆ ਗਿਆ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਅਤੇ ਮਹਾਸਚਿਵ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਸਰਦਾਰ ਰਵਿੰਦਰ ਸਿੰਘ ਖੁਰਾਨਾ ਅਤੇ ਉਨ੍ਹਾਂ ਦੇ ਸਾਥੀਆਂ ਦਾ ਪਾਰਟੀ ਵਿੱਚ ਸ਼ਾਮਲ ਹੋਣ 'ਤੇ ਸਵਾਗਤ ਕੀਤਾ। ਉਨ੍ਹਾਂ ਨੇ ਕਿਹਾ ਕਿ ਰਵਿੰਦਰ ਸਿੰਘ ਖੁਰਾਨਾ ਅਤੇ ਉਨ੍ਹਾਂ ਦੇ ਪਰਿਵਾਰ ਦਾ ਦਿੱਲੀ ਦੀ ਸਿੱਖ ਰਾਜਨੀਤੀ ਅਤੇ ਖਾਸ ਕਰਕੇ ਦਿੱਲੀ ਗੁਰਦੁਆਰਾ ਕਮੇਟੀ ਵਿੱਚ ਮਹੱਤਵਪੂਰਨ ਯੋਗਦਾਨ ਰਿਹਾ ਹੈ। ਰਵਿੰਦਰ ਸਿੰਘ ਖੁਰਾਨਾ ਦਿੱਲੀ ਗੁਰਦੁਆਰਾ ਕਮੇਟੀ ਵਿੱਚ ਮਹਾਸਚਿਵ, ਸੀਨੀਅਰ ਉਪ ਪ੍ਰਧਾਨ ਅਤੇ ਸਾਂਝੇ ਸਕੱਤਰ ਵਰਗੇ ਮਹੱਤਵਪੂਰਨ ਅਹੁਦਿਆਂ 'ਤੇ ਸੇਵਾ ਕਰ ਚੁੱਕੇ ਹਨ। ਇਸ ਦੇ ਨਾਲ ਹੀ ਉਹ ਗੁਰੂ ਤੇਗ ਬਹਾਦੁਰ ਖਾਲਸਾ ਕਾਲਜ ਅਤੇ ਗੁਰੂ ਨਾਨਕ ਦੇਵ ਕਾਲਜ ਦੇਵ ਨਗਰ ਵਿੱਚ ਚੇਅਰਮੈਨ ਵਜੋਂ ਵੀ ਸੇਵਾਵਾਂ ਨਿਭਾ ਚੁੱਕੇ ਹਨ। ਇਸ ਲਈ ਨਿਸ਼ਚਿਤ ਤੌਰ 'ਤੇ ਉਨ੍ਹਾਂ ਦੇ ਆਉਣ ਨਾਲ ਪਾਰਟੀ ਨੂੰ ਕਾਫੀ ਮਜ਼ਬੂਤੀ ਮਿਲੀ ਹੈ।



ਸਰਦਾਰ ਰਵਿੰਦਰ ਸਿੰਘ ਖੁਰਾਨਾ ਨੇ ਕਿਹਾ ਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਸਰਦਾਰ ਹਰਮੀਤ ਸਿੰਘ ਕਾਲਕਾ, ਸਰਦਾਰ ਜਗਦੀਪ ਸਿੰਘ ਕਾਹਲੋਂ ਅਤੇ ਉਨ੍ਹਾਂ ਦੀ ਟੀਮ ਵੱਲੋਂ ਸਿਹਤ, ਸਿੱਖਿਆ ਆਦਿ ਖੇਤਰਾਂ ਵਿੱਚ ਕੀਤੀਆਂ ਜਾ ਰਹੀਆਂ ਸੇਵਾਵਾਂ ਨੂੰ ਉਹ ਲੰਮੇ ਸਮੇਂ ਤੋਂ ਦੇਖ ਰਹੇ ਹਨ। ਖਾਸ ਕਰਕੇ ਜਿਸ ਤਰ੍ਹਾਂ ਕਰੋਨਾ ਕਾਲ ਅਤੇ ਕਿਸਾਨ ਮੋਰਚੇ ਦੌਰਾਨ ਇਸ ਟੀਮ ਨੇ ਸੇਵਾਵਾਂ ਦਿੱਤੀਆਂ, ਉਹ ਕਾਬਿਲ-ਏ-ਤਾਰੀਫ਼ ਹਨ। ਇਸ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਟੀਮ ਕਾਲਕਾ ਦਾ ਹਿੱਸਾ ਬਣਨ ਦਾ ਫੈਸਲਾ ਕੀਤਾ। ਉਨ੍ਹਾਂ ਨੇ ਕਿਹਾ ਕਿ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਉਨ੍ਹਾਂ 'ਤੇ ਭਰੋਸਾ ਕਰਕੇ ਉਨ੍ਹਾਂ ਨੂੰ ਪਾਰਟੀ ਵਿੱਚ ਮਹੱਤਵਪੂਰਨ ਅਹੁਦਾ ਦਿੱਤਾ ਹੈ ਅਤੇ ਉਹ ਪਾਰਟੀ ਨੂੰ ਮਜ਼ਬੂਤ ਕਰਨ ਲਈ ਆਪਣੀਆਂ ਸੇਵਾਵਾਂ ਨਿਭਾਉਣ ਦੀ ਪੂਰੀ ਕੋਸ਼ਿਸ਼ ਕਰਨਗੇ। ਇਸ ਮੌਕੇ 'ਤੇ ਦਿੱਲੀ ਕਮੇਟੀ ਦੇ ਸੀਨੀਅਰ ਉਪ ਪ੍ਰਧਾਨ ਹਰਵਿੰਦਰ ਸਿੰਘ ਕੇ.ਪੀ., ਮੈਂਬਰ ਬੀਬੀ ਰਣਜੀਤ ਕੌਰ, ਭੁਪਿੰਦਰ ਸਿੰਘ ਭੁੱਲਰ, ਸੁਖਵਿੰਦਰ ਸਿੰਘ ਬੱਬਰ, ਮੀਡੀਆ ਸਲਾਹਕਾਰ ਸੁਦੀਪ ਸਿੰਘ, ਵਿਕੀ ਪਾਲਕੋ, ਸੁਖਦੇਵ ਸਿੰਘ ਰਿਆਤ, ਕੁਵੰਰ ਸਿੰਘ ਆਨੰਦ ਸਮੇਤ ਕਈ ਸ਼ਖਸੀਅਤਾਂ ਮੌਜੂਦ ਸਨ।

# ਪੱਤਰਕਾਰ ਬਲਜੀਤ ਸਿੰਘ ਦੇ ਪ੍ਰੀਵਾਰ ਨਾਲ ਬਾਬਾ ਜਗਤਾਰ ਸਿੰਘ ਅਤੇ ਵੱਖ ਵੱਖ ਜੱਥੇਬੰਦੀਆਂ ਵੱਲੋਂਵਦੁੱਖ ਦਾ ਪ੍ਰਗਟਾਵਾ ਅਮਤਿਮ ਅਰਦਾਸ ਸਰਧਾਂਜਲੀ ਸਮਾਗਮ ਗੁਰਦਆਰਾ ਬਾਬਾ ਨਾਮਦੇਵ ਜੀ ਪਿੰਡ ਮਰੜੀ ਕਲਾਂ ਦੇ ਵਿਖੇ 14 ਅਪ੍ਰੈਲ ਨੂੰ ਹੋਣਗੇ

**ਚੌਂਕ ਮਹਿਤਾ, 9 ਅਪ੍ਰੈਲ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਅੱਜ ਤੇਜ ਰਸੀਲਾ ਪਿਆਰਾ ਟਰੱਸਟ ਨਾਥ ਦੀ ਖੂਹੀ ਦੇ ਸੰਚਾਲਕ ਬਾਬਾ ਜਗਤਾਰ ਸਿੰਘ ਨੇ ਮਰਹੂਮ ਪੱਤਰਕਾਰ ਬਲਜੀਤ ਸਿੰਘ ਕਾਹਲੋਂ ਦੀ ਬੇਵਕਤੀ ਮੌਤ ਬਾਰੇ ਉਹਨਾਂ ਦੇ ਭਰਾਤਾ ਪੱਤਰਕਾਰ ਕੁਲਦੀਪ ਸਿੰਘ, ਦਲਜੀਤ ਸਿੰਘ, ਭੁਪਿੰਦਰ ਸਿੰਘ, ਜੋਗਾ ਸਿੰਘ ਅਤੇ ਸਮੁੱਚੇ ਕਾਹਲੋਂ ਪਰਿਵਾਰ ਨਾਲ ਉਹਨਾਂ ਦੇ ਜੱਦੀ ਪਿੰਡ ਤਲਵੰਡੀ ਵਿੱਖੇ ਦੁੱਖ ਦਾ ਪ੍ਰਗਟਾਵਾ ਕਰਨ ਪਹੁੰਚੇ। ਇਸ



ਵੇਲ਼ੇ ਡੇਰਾ ਮੁਖੀ ਬਾਬਾ ਜਗਤਾਰ ਸਿੰਘ ਜੀ ਤੋਂ ਇਲਾਵਾ ਇਲਾਕੇ ਦੇ ਹੋਰ ਲੋਕਾਂ ਤੋਂ ਇਲਾਵਾ ਬੀ ਜੇ ਪੀ ਦੇ ਆਗੂ ਪ੍ਰਦੀਪ ਸਿੰਘ ਭੁੱਲਰ ਮਜੀਠਾ, ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਪੀ ਏ ਲਖਬੀਰ ਸਿੰਘ ਗਿੱਲ, ਪੱਤਰਕਾਰ ਭਾਈਚਾਰੇ ਵਲੋਂ ਦਲਜੀਤ ਸਿੰਘ, ਸਤਨਾਮ ਸਿੰਘ ਜੱਜ ਆਦਿ ਵੀ ਵੱਲੋਂ ਸਦੀਵੀਂ ਵਿਛੋੜਾ ਦੇ ਚੁੱਕੇ ਪੱਤਰਕਾਰ ਬਲਜੀਤ ਸਿੰਘ ਦੀ ਬੇਵਕਤੀ ਮੌਤ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਮਿਲਾਪੜੇ ਤੇ ਨਿਧੜਕ ਪੱਤਰਕਾਰ ਬਲਜੀਤ ਸਿੰਘ ਦੇ ਤੁਰ ਜਾਣ ਨਾਲ ਸਮਾਜ, ਪੱਤਰਕਾਰ ਭਾਈਚਾਰੇ ਅਤੇ ਸਮੁੱਚੇ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਵੱਡਾ ਘਾਟਾ ਪਿਆ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਿਰਮਲ ਸਿੰਘ, ਹਰਬੰਸ ਸਿੰਘ, ਸੁਖਦੇਵ ਸਿੰਘ ਭਾਈਆ, ਇੰਦਰ ਸਿੰਘ ਜਿਜੇਆਣੀ, ਜਗੀਰ ਸਿੰਘ ਮਜੀਠਾ, ਅਜੈਬ ਸਿੰਘ ਆਦਿ ਵੀ ਹਾਜ਼ਰ ਸਨ। ਪ੍ਰੀਵਾਰ ਨੇ ਦੱਸਿਆ ਕਿ ਮਰਹੂਮ ਪੱਤਰਕਾਰ ਬਲਜੀਤ ਸਿੰਘ ਕਾਹਲੋ ਦੇ ਨਮਿੱਤ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਅੰਤਿਮ ਅਰਦਾਸ ਅਤੇ ਸਰਧਾਂਜਲੀ ਸਮਾਗਮ ਗੁਰਦਆਰਾ ਬਾਬਾ ਨਾਮਦੇਵ ਜੀ ਪਿੰਡ ਮਰੜੀ ਕਲਾਂ ਦੇ ਵਿਖੇ 14 ਅਪ੍ਰੈਲ ਨੂੰ ਹੋਣਗੇ।

### ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਪੰਜਾਬ ਬਚਾਓ ਰੈਲੀ ਦੀਆਂ ਤਿਆਰੀਆਂ ਸ਼ੁਰੂ

# ਪੰਜਾਬ ਵਿੱਚ ਚੱਲ ਰਹੀ ਮਾੜੀ ਸਰਕਾਰ ਥੋੜੇ ਸਮੇਂ ਦੀ ਮਹਿਮਾਨ- ਰਵੀਪ੍ਰੀਤ ਸਿੰਘ ਸਿੱਧੂ



**ਤਲਵੰਡੀ ਸਾਬੋ, 9 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)**- ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਪੰਜਾਬ ਬਚਾਓ ਰੈਲੀ ਤਲਵੰਡੀ ਸਾਬੋ ਦੀ ਟਰੈਕਟਰ ਮੰਡੀ ਨੇੜੇ ਰਵੀਦਾਸ ਚੌਂਕ ਵਿਖੇ 11 ਅਪ੍ਰੈਲ ਨੂੰ ਹੋਣ ਜਾ ਰਹੀ ਹੈ ਜਿਸ ਦੀਆਂ ਤਿਆਰੀਆਂ ਜ਼ੋਰਾਂ ਨਾਲ ਚੱਲ ਰਹੀਆਂ ਹਨ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਤਲਵੰਡੀ ਸਾਬੋ ਤੋਂ ਹਲਕਾ ਮੁੱਖ ਸੇਵਾਦਾਰ ਸ. ਰਵੀਪ੍ਰੀਤ ਸਿੰਘ ਸਿੱਧੂ ਨੇ ਦੱਸਿਆ ਕਿ ਇਸ ਰੈਲੀ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਂ ਦਾ ਇਕੱਠ ਹੋਣ ਦੀ ਉਮੀਦ ਹੈ। ਇਸ ਵਾਰ ਸ਼੍ਰੋਮਣੀ ਅਕਾਲੀ ਦਲ ਪੰਜਾਬ ਵਿੱਚ ਆਪਣੀ ਸਰਕਾਰ ਬਣਾ ਰਿਹਾ ਹੈ। ਉਹਨਾਂ ਕਿਹਾ ਕਿ ਇਸ ਰੈਲੀ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਵੱਡੇ ਦਿੱਗਜ ਨੇਤਾ ਪਹੁੰਚ ਰਹੇ ਹਨ ਜਿਨਾਂ ਵਿੱਚ ਸ. ਸੁਖਬੀਰ ਸਿੰਘ ਬਾਦਲ, ਹਰਸਿਮਰਤ ਕੌਰ ਬਾਦਲ, ਬਿਕਰਮਜੀਤ ਸਿੰਘ ਮਜੀਠੀਆ, ਬਲਵਿੰਦਰ ਸਿੰਘ ਭੂੰਦੜ, ਸਿਕੰਦਰ ਸਿੰਘ ਮਲੂਕਾ ਅਤੇ ਹੋਰ ਵੀ ਬਹੁਤ ਜਿਆਦਾ ਹਲਕੇ ਦੇ ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਅਹੁਦੇਦਾਰ ਸਰਕਲ ਪ੍ਰਧਾਨ ਬਲਾਕ ਪ੍ਰਧਾਨ ਅਤੇ ਮੈਂਬਰ ਸਾਹਿਬਾਨ ਵੱਡੀ ਗਿਣਤੀ ਵਿੱਚ ਇਸ ਰੈਲੀ ਵਿੱਚ ਸਮੂਲੀਅਤ ਕਰਨਗੇ। ਉਹਨਾਂ ਕਿਹਾ ਕਿ ਭਗਵੰਤ ਮਾਨ ਦੀ ਸਰਕਾਰ ਨੇ ਪੰਜਾਬ ਨੂੰ ਲੁੱਟ ਕਸੁੱਟ ਕਰਕੇ ਬਰਬਾਦ ਕਰ ਦਿੱਤਾ ਹੈ ਇਸ ਲਈ ਸ. ਸੁਖਬੀਰ ਸਿੰਘ ਬਾਦਲ ਇਸ ਵਾਰ ਵੱਡੀ ਜਿੱਤ ਕਰਕੇ ਪੰਜਾਬ ਨੂੰ ਬਚਾਉਣਗੇ ਅਤੇ ਪੰਜਾਬ ਨੂੰ ਨਸ਼ਾ ਮੁਕਤ ਕਰਕੇ ਨੌਜਵਾਨਾਂ ਨੂੰ ਖੇਡਾਂ ਵੱਲ ਅਤੇ ਨੌਕਰੀਆਂ ਦੇਣਗੇ, ਕਿਸਾਨਾਂ ਲਈ ਵੀ ਚੰਗੇ ਉਪਰਾਲੇ ਕਿੱਥੇ ਜਾਣਗੇ। ਉਹਨਾਂ ਕਿਹਾ ਪੰਜਾਬ ਵਿੱਚ ਚੱਲ ਰਹੀ ਮਾੜੀ ਸਰਕਾਰ ਭਗਵੰਤ ਮਾਨ ਦੀ ਥੋੜੇ ਸਮੇਂ ਦੀ ਮਹਿਮਾਨ ਰਹਿ ਗਈ ਹੈ ਜਿਸ ਨੂੰ ਜਲਦੀ ਹੀ ਵਿਦਾ ਕਰਕੇ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਸਰਕਾਰ ਬਣੇਗੀ। ਇਸ ਮੌਕੇ ਜਸਵਿੰਦਰ ਜੈਲਦਾਰ ਸਰਕਲ ਪ੍ਰਧਾਨ, ਰੁਪਿੰਦਰ ਸਿੰਘ ਸਿੱਧੂ, ਗੁਰਮੇਲ ਸਿੰਘ ਘਈ, ਹਰਤਾਬਲ ਸਿੰਘ ਸੁੱਖੀ ਅਤੇ ਬਹੁਤ ਸਾਰੇ ਅਕਾਲੀ ਆਗੂ ਮੌਜੂਦ ਸਨ।

### ਲੋਕਾਂ ਦੀਆਂ ਸਮੱਸਿਆਵਾਂ ਦਾ ਤੁਰੰਤ ਅਤੇ ਪ੍ਰਭਾਵਸ਼ਾਲੀ ਹੱਲ ਯਕੀਨੀ ਬਣਾਉਣਾ ਸਰਕਾਰ ਦੀ ਤਰਜੀਹ: ਓ.ਐਸ.ਡੀ. ਸੁਖਵੀਰ ਸਿੰਘ

# ਮੁੱਖ ਮੰਤਰੀ ਦੇ ਓ.ਐਸ.ਡੀ. ਸੁਖਵੀਰ ਸਿੰਘ ਨੇ ਧੂਰੀ ਵਿਖੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ



**ਧੂਰੀ ( ਰਣਜੀਤ ਸਿੰਘ ਪੇਧਨੀ )**-ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਓ.ਐਸ.ਡੀ. ਸੁਖਵੀਰ ਸਿੰਘ ਨੇ ਅੱਜ ਮੁੱਖ ਮੰਤਰੀ ਸਹਾਇਤਾ ਕੇਂਦਰ ਧੂਰੀ ਵਿਖੇ ਹਲਕਾ ਵਾਸੀਆਂ ਦੀਆਂ ਮੁਸ਼ਕਲਾਂ ਸੁਣੀਆਂ। ਇਸ ਦੌਰਾਨ ਓ.ਐਸ.ਡੀ. ਸੁਖਵੀਰ ਸਿੰਘ ਨੇ ਲੋਕਾਂ ਵੱਲੋਂ ਉਠਾਈਆਂ ਗਈਆਂ ਸਮੱਸਿਆਵਾਂ ਨੂੰ ਸੁਣਿਆ ਅਤੇ ਸਬੰਧਤ ਅਧਿਕਾਰੀਆਂ ਨੂੰ ਮੌਕੇ 'ਤੇ ਹੀ ਲੋੜੀਂਦੇ ਨਿਰਦੇਸ਼ ਜਾਰੀ ਕੀਤੇ। ਉਨ੍ਹਾਂ ਭਰੋਸਾ ਦਿਵਾਇਆ ਕਿ ਹਰ ਇੱਕ ਸ਼ਿਕਾਇਤ ਦਾ ਨਿਰਧਾਰਿਤ ਸਮੇਂ ਅੰਦਰ ਹੱਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਨੂੰ ਪਾਰਦਰਸ਼ੀ ਅਤੇ ਜਵਾਬਦੇਹ ਪ੍ਰਸ਼ਾਸਨ ਦੇਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਸਮੱਸਿਆਵਾਂ ਦਾ ਸਮੇਂ-ਸਿਰ ਹੱਲ ਕਰਨਾ ਸਰਕਾਰ ਦੀ ਪਹਿਲੀ ਤਰਜੀਹ ਹੈ। ਓ.ਐਸ.ਡੀ. ਸੁਖਵੀਰ ਸਿੰਘ ਨੇ ਇਹ ਵੀ ਕਿਹਾ ਕਿ ਮੁੱਖ ਮੰਤਰੀ ਸਹਾਇਤਾ ਕੇਂਦਰਾਂ ਰਾਹੀਂ ਲੋਕਾਂ ਨੂੰ ਆਪਣੀਆਂ ਸਮੱਸਿਆਵਾਂ ਦਰਜ ਕਰਵਾਉਣ ਅਤੇ ਉਨ੍ਹਾਂ ਦਾ ਤੁਰੰਤ ਨਿਪਟਾਰਾ ਪ੍ਰਾਪਤ ਕਰਨ ਵਿੱਚ ਵੱਡੀ ਸਹੂਲਤ ਮਿਲ ਰਹੀ ਹੈ।ਇਸ ਮੌਕੇ ਮੁੱਖ ਮੰਤਰੀ ਫ਼ੀਲਡ ਅਫ਼ਸਰ ਅਰਵਿੰਦ ਕੁਮਾਰ, ਰਮਨਦੀਪ ਸਿੰਘ, ਗਗਨ ਜਵੰਦਾ ਪ੍ਰਧਾਨ ਟਰੱਕ ਯੂਨੀਅਨ ਧੂਰੀ ਸਮੇਤ ਸਬੰਧਤ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ, ਜਿਨ੍ਹਾਂ ਨੂੰ ਮਿਲੀਆਂ ਸ਼ਿਕਾਇਤਾਂ ਦੇ ਜਲਦ ਨਿਪਟਾਰੇ ਲਈ ਦਿਸ਼ਾ-ਨਿਰਦੇਸ਼ ਦਿੱਤੇ ਗਏ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਬੇਅਦਬੀ ਬਾਰੇ ਪੰਥਕ ਇਕਤਰਤਾ ਵਿਚ ਸੱਦਾ ਨਾ ਮਿਲਣ ਕਰਕੇ ਹਰਮੀਤ ਸਿੰਘ ਕਾਲਕਾ ਕਰ ਰਹੇ ਹਨ ਦੂਸ਼ਣ ਬਾਜ਼ੀ: ਸਰਨਾ

## ਕੌਮੀ ਮਸਲਿਆਂ ਮੌਕੇ ਕੌਮ ਦੀ ਪਿੱਠ ਵਿੱਚ ਛੁਰਾ ਮਾਰਣ ਅਤੇ ਬੰਦੀ ਸਿੰਘਾਂ ਦੇ ਰਿਹਾਈ ਸੰਘਰਸ਼ ਨੂੰ ਤਾਰਪੀੜੋ ਕਰਣ ਦਾ ਲਗਾਇਆ ਦੋਸ਼



**ਨਵੀਂ ਦਿੱਲੀ, 9 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ)**:-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਬਾਰੇ ਪੰਜਾਬ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਸੰਭਾਵਿਤ ਕਾਨੂੰਨ ਬਾਰੇ ਸਮੂਹਿਕ ਤੌਰ ਤੇ ਕੌਮੀ ਵਿਚਾਰ ਚਰਚਾ ਲਈ ਅਤੇ ਸਰਕਾਰ ਨੂੰ ਸਿੱਖ ਕੌਮ ਦੀਆਂ ਭਾਵਨਾਵਾਂ ਬਾਰੇ ਸੁਚੇਤ ਕਰਨ ਲਈ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੀਤੇ ਦਿਨੀਂ ਸਮੂਹ ਪੰਥਕ ਜਥੇਬੰਦੀਆਂ ਤੇ ਪੰਥ ਦੀਆਂ ਨੁਮਾਇੰਦਾ ਧਿਰਾਂ ਦੀ ਇਕੱਤਰਤਾ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਕੀਤੀ ਗਈ ਸੀ । ਉਸ ਵਿੱਚ ਖੁਦ ਨੂੰ ਸੱਦਾ ਨਾ ਮਿਲਣ ਬਾਰੇ ਜੋ ਦੂਸ਼ਣ ਬਾਜ਼ੀ ਦਿੱਲੀ ਕਮੇਟੀ ਦੇ ਸਰਕਾਰੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਵੱਲੋਂ ਕੀਤੀ ਜਾ ਰਹੀ ਹੈ । ਉਹ ਮਹਿਜ਼ ਆਪਣੇ ਅਕਾਵਾਂ ਨੂੰ ਖੁਸ਼ ਕਰਨ ਲਈ ਹੈ ।ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਸਰਦਾਰ ਪਰਮਜੀਤ ਸਿੰਘ ਸਰਨਾ ਨੇ ਪੱਤਰਕਾਰਾਂ ਨੂੰ ਜਾਰੀ ਪ੍ਰੈੱਸ ਬਿਆਨ ਰਾਹੀਂ ਕਿਹਾ ਹਰਮੀਤ ਸਿੰਘ ਕਾਲਕਾ ਨੂੰ ਮੈਂ ਯਾਦ ਦਿਵਾਉਣਾ ਚਾਹੁੰਦਾ ਹਾਂ ਕਿ ਜਦੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਸਾਰੀ ਕੌਮ ਨੇ ਇਕਜੁੱਟ ਹੋ ਕੇ ਸੰਘਰਸ਼ ਕਰਦਿਆਂ ਪੱਚੀ ਲੱਖ ਦਸਤਖਤ ਕਰਕੇ ਤੇ ਕੌਮ ਦੀਆਂ ਵੱਖ ਵੱਖ ਧਿਰਾਂ ਦੇ ਆਗੂਆਂ ਦੀ ਸਾਂਝੀ ਕਮੇਟੀ ਬਣਾਈ ਗਈ ਸੀ ਤੇ ਰਾਸ਼ਟਰਪਤੀ ਭਵਨ ਤੱਕ ਮਾਰਚ ਕਰਨ ਦਾ ਪ੍ਰੋਗਰਾਮ ਉਲੀਕਿਆ ਸੀ, ਵਿੱਚ ਖੁਦ ਹਰਮੀਤ ਸਿੰਘ ਕਾਲਕਾ ਵੀ ਸ਼ਾਮਲ ਸੀ । ਉਸ ਕੌਮੀ ਪ੍ਰੋਗਰਾਮ ਨੂੰ ਤਾਰਪੀਡੋ ਕਰਨ ਲਈ ਜੋ ਭੂਮਿਕਾ ਕਾਲਕਾ ਨੇ ਨਿਭਾਈ ਸੀ ਤੇ ਕਿਸਦੇ ਇਸ਼ਾਰਿਆਂ ਤੇ ਚੱਲਦਿਆਂ ਨਿਭਾਈ ਸੀ ਤੇ ਕਿਸ ਲਾਲਚ ਵਿੱਚ ਨਿਭਾਈ ਸੀ ਉਹ ਕੌਮ ਭੁੱਲੀ ਨਹੀਂ । ਉਸ ਵੱਡੇ ਕੌਮੀ ਮਸਲੇ ਮੌਕੇ ਜੋ ਕੌਮ ਦੀ ਪਿੱਠ ਵਿੱਚ ਛੁਰਾ ਹਰਮੀਤ ਸਿੰਘ ਕਾਲਕਾ ਨੇ ਮਾਰਿਆ ਤੇ ਉਸਤੋਂ ਬਾਅਦ ਵੀ ਕਾਲਕਾ ਇਹ ਆਸ ਕਿਵੇਂ ਕਰਦਾ ਹੈ ਕਿ ਤੁਹਾਨੂੰ ਸਾਂਝੇ ਪੰਥਕ ਇਕੱਠਾਂ ਵਿੱਚ ਸੱਦਿਆ ਜਾਵੇ । ਜਦਕਿ ਤੁਸੀਂ ਹਰ ਕੌਮੀ ਮਸਲੇ ਮੌਕੇ ਕੌਮ ਦੇ ਉਲਟ ਭੁਗਤੇ ਹੋ । ਮੈਂ ਹਰਮੀਤ ਸਿੰਘ ਕਾਲਕਾ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਸਨੂੰ ਕੌਮ ਇਕੱਠ ਦਾ ਮਤਲਬ ਪਤਾ ਹੈ ? ਉਸ ਇਕੱਤਰਤਾ ਵਿੱਚ ਸਮੁੱਚੀ ਕੌਮ ਦੀਆਂ ਨੁਮਾਇੰਦਾ ਸੰਸਥਾਵਾਂ ਹਾਜ਼ਰ ਸਨ ਤੇ ਕੌਮੀ ਹਿੱਤਾਂ ਨੂੰ ਸਮਰਪਿਤ ਸਨ ਕੀ ਦਿੱਲੀ ਕਮੇਟੀ ਦਾ ਸਰਕਾਰੀ ਪ੍ਰਧਾਨ ਦੱਸੇਗਾ ਕਿ ਉਸਨੇ ਹੁਣ ਤੱਕ ਕਿਹੜਾ ਇੱਕ ਕੌਮੀ ਹਿੱਤਾ ਨੂੰ ਸਮਰਪਿਤ ਕਾਰਜ ਕੀਤਾ ਹੈ ? ਜੋ ਉਸਨੂੰ ਕੌਮੀ ਨੁਮਾਇੰਦਾ ਮੰਨਕੇ ਪੰਥਕ ਇਕੱਠ ਵਿੱਚ ਸੱਦਿਆ ਜਾਵੇ ? ਜੇਕਰ ਕਾਲਕਾ ਦੇ ਮਨ ਅੰਦਰ ਸ਼ੁਧ ਭਾਵਨਾ ਹੁੰਦੀ ਤਾਂ ਉਹ ਆਪਣੇ ਵਿਚਾਰ ਲਿਖਤੀ ਰੂਪ ਵਿੱਚ ਵੀ ਭੇਜ ਸਕਦਾ ਸੀ । ਪਰ ਜਿਸ ਇਨਸਾਨ ਨੇ ਸਿਰਫ ਤੇ ਸਿਰਫ ਗੁਰੂ ਦੀ ਗੋਲਕ ਲੁੱਟੀ ਹੋਵੇ ਉਹ ਗੁਰੂ ਸਾਹਿਬ ਦੇ ਸਤਿਕਾਰ ਬਾਰੇ ਕੀ ਵਿਚਾਰ ਦੇ ਸਕਦਾ ਹੈ ?

# ਬਾਬਾ ਬਲਬੀਰ ਸਿੰਘ 96ਵੇਂ ਕਰੋੜੀ ਨੇ ਬਾਬਾ ਇੰਦਰ ਸਿੰਘ ਜੀ ਦੇ ਅਕਾਲ ਚਲਾਣਾ ਕਰ ਜਾਣ ਤੇ ਗਹਿਰਾ ਦੁੱਖ ਪ੍ਰਗਟਾਇਆ



**ਤਲਵੰਡੀ ਸਾਬੋ, 9 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)**- ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚੱਕਰਵਰਤੀ ਚਲਦਾ ਵਹੀਰ ਨਿਹੰਗ ਸਿੰਘਾਂ ਦੇ ਮੁਖੀ ਸਿੰਘ ਸਾਹਿਬ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ ਨੇ ਬੁੱਢਾ ਦਲ ਦੇ ਘੋੜਿਆਂ ਦੇ ਜਥੇਦਾਰ ਬਾਬਾ ਇੰਦਰ ਸਿੰਘ ਦੇ ਅਕਾਲ ਚਲਾਣਾ ਕਰ ਜਾਣ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸਮੁੱਚੇ ਪ੍ਰੀਵਾਰ ਦੇ ਮੈਂਬਰਾਂ ਨਾਲ ਹਮਦਰਦੀ ਤੇ ਸਨੇਹ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਬਾਬਾ ਇੰਦਰ ਸਿੰਘ ਦੇ ਅਕਾਲ ਚਲਾਣਾ ਕਰ ਜਾਣ ਨਾਲ ਦਲ ਪੰਥ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਬਾਬਾ ਇੰਦਰ ਸਿੰਘ ਜੀ ਉਨ੍ਹਾਂ ਛੋਟੀ ਉਮਰੇ ਹੀ ਗੁਰੂ ਖਾਲਸਾ ਪੰਥ ਦੀ ਲਾਡਲੀਆਂ ਫੌਜਾਂ ਪ੍ਰਤੀ ਪਿਆਰ ਉਮਡਿਆ ਅਤੇ ਸਿੰਘ ਸਾਹਿਬ ਬਾਬਾ ਚੇਤ ਸਿੰਘ ਮੁਖੀ ਬੁੱਢਾ ਦਲ ਦੀ ਛੱਤਰ ਛਾਇਆ ਹੇਠ ਦਲ ਵਿਚ ਸ਼ਾਮਲ ਹੋ ਗਏ। ਲੰਮਾ ਸਮਾਂ ਸਿੰਘ ਸਾਹਿਬ ਬਾਬਾ ਚੇਤ ਸਿੰਘ ਜੀ 12ਵੇਂ ਮੁਖੀ ਬੁੱਢਾ ਦਲ ਅਤੇ ਸਿੰਘ ਸਾਹਿਬ ਜਥੇਦਾਰ ਬਾਬਾ ਸੰਤਾ ਸਿੰਘ ਜੀ 13ਵੇਂ ਮੁਖੀ ਬੁੱਢਾ ਦਲ ਦੇ ਗੜ੍ਹਵਈ ਅਤੇ ਖਜਾਨੇ ਦੇ ਪਹਿਰੇਦਾਰ ਰਹੇ। ਸੰਨ 2007 ਵਿੱਚ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ, ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96ਵੇਂ ਕਰੋੜੀ 14ਵੇਂ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖਤ ਦੀ ਅਗਵਾਈ ਵਿਚ ਦਲਪੰਥ ਦੇ ਘੋੜਿਆਂ ਦੀ ਸੇਵਾ ਸੰਭਾਲ ਦੀ ਸੇਵਾਦਾਰੀ ਸੰਭਾਲੀ। ਮਹੱਲਿਆਂ ਸਮੇਂ ਵੱਧ ਚੜ੍ਹ ਕੇ ਸੇਵਾ ਕਰਦੇ ਹਨ। ਦਲ ਪੰਥ ਪ੍ਰਤੀ ਸਾਫਗੋਈ ਤੇ ਸਮਰਪਿਤ ਭਾਵਨਾ ਨਾਲ ਸੇਵਾ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪਰ ਇਸ ਸੰਸਾਰ ਦਾ ਨੇਮ ਹੈ ਜੋ ਆਇਆ ਹੈ ਉਸ ਨੇ ਬਿਸਮਣਾ ਹੈ। ਇਹ ਅਕਾਲ ਪੁਰਖ ਦੇ ਭਾਣੇ ਅੱਗੇ ਕਿਸੇ ਦਾ ਜੋਰ ਨਹੀ ਹੈ। ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਨੇ ਬਾਬਾ ਇੰਦਰ ਸਿੰਘ ਦੇ ਪ੍ਰੀਵਾਰ ਨਾਲ ਇਸ ਦੁਖਦ ਘੜੀ ਵਿਚ ਹਮਦਰਦੀ ਜਤਾਉਂਦਿਆਂ ਅਕਾਲ ਪੁਰਖ ਅੱਗੇ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਦੀ ਅਰਦਾਸ ਬੇਨਤੀ ਕੀਤੀ।

# ਆਗਾਜ਼ ਵੈਲਫੇਅਰ ਫਾਊਡੇਸ਼ਨ ਨੇ ਬੰਗਾਵਾਲੀ ਵਿਖੇ ਸਲਾਈ ਸੈਂਟਰ ਖੋਲਿਆ



**ਧੂਰੀ (ਰਣਜੀਤ ਸਿੰਘ ਪੇਧਨੀ )**-ਆਗਾਜ਼ ਵੈਲਫੇਅਰ ਫਾਊਡੇਸ਼ਨ ਸੰਗਰੂਰ ਵੱਲੋਂ ਧੂਰੀ ਹਲਕੇ ਦੇ ਵਿੱਚ ਪੈਂਦੇ ਪਿੰਡ ਬੰਗਾਵਾਲੀ ਵਿਖੇ ਸਰਪੰਚ ਲਾਲੀ ਬੰਗਾਵਾਲੀ ਦੀ ਯੋਗ ਅਗਵਾਈ ਹੇਠ ਸਲਾਈ ਸੈਟਰ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਸਰਪੰਚ ਲਾਲੀ ਬੰਗਾਵਾਲੀ ਨੇ ਕਿਹਾ ਕਿ ਆਗਾਜ ਵੈਲਫੇਅਰ ਫਾਉਂਡੇਸ਼ਨ ਦਾ ਇਹ ਉਪਰਾਲਾ ਬਹੁਤ ਹੀ ਸਲਾਘਾਯੋਗ ਹੈ। ਪਿੰਡ ਵਿੱਚ ਸਲਾਈ ਸੈਟਰ ਆਉਣ ਦੇ ਨਾਲ ਗਰੀਬ ਧੀਆਂ ਅਤੇ ਨੂਹਾਂ ਨੂੰ ਰੁਜ਼ਗਾਰ ਦੇ ਸਾਧਨ ਪੈਂਦਾ ਹੋਣਗੇ । ਇਸ ਮੌਕੇ ਜਗਮੇਲ ਸਿੰਘ ਰੋਗਲਾ ਪ੍ਰਧਾਨ ਪੰਜਾਬ, ਹਰਦੀਪ ਸਿੰਘ ਬਾਜਵਾ ਐਮ,ਡੀ,ਗੁਰਜੰਟ ਸਿੰਘ ਛਾਗਾਂ,ਸੈਕਟਰੀ, ਰਾਜਪਾਲ ਚੋਪੜਾ ਜਿਲ੍ਹਾ ਪ੍ਰਧਾਨ, ਸੁਮਨ ਲਤਾ ਮੀਤ ਪ੍ਰਧਾਨ, ਜਸਵੀਰ ਕੌਰ ਸੁਪਰਵਾਇਜਰ,ਹਰਜੀਤ ਕੌਰ ਚੋਟੀਆਂ ਸੁਪਰਵਾਇਜਰ, ਗਗਨਦੀਪ ਸਿੰਘ ਬੰਗਾਵਾਲੀ ਸਲਾਈ ਟੀਚਰ, ਗੋਬਿੰਦ ਸਿੰਘ ਤੂੰਗਾਂ ਸਕੱਤਰ ਹਾਜ਼ਰ ਸਨ।

### ਓ.ਐਸ.ਡੀ. ਸੁਖਵੀਰ ਸਿੰਘ ਦੀ ਮੌਜੂਦਗੀ 'ਚ ਧੂਰੀ ਬਲਾਕ ਸੰਮਤੀ ਦੇ

# ਚੇਅਰਮੈਨ ਰਣਜੋਧ ਸਿੰਘ ਅਤੇ ਵਾਈਸ ਚੇਅਰਪਰਸਨ ਮਨਪ੍ਰੀਤ ਕੌਰ ਨੇ ਸੰਭਾਲਿਆ ਅਹੁਦਾ



**ਧੂਰੀ ( ਰਣਜੀਤ ਸਿੰਘ ਪੇਧਨੀ )**-ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਓ.ਐਸ.ਡੀ. ਸੁਖਵੀਰ ਸਿੰਘ ਦੀ ਮੌਜੂਦਗੀ ਵਿੱਚ ਅੱਜ ਬਲਾਕ ਸੰਮਤੀ ਧੂਰੀ ਦੇ ਚੇਅਰਮੈਨ ਰਣਜੋਧ ਸਿੰਘ ਅਤੇ ਵਾਈਸ ਚੇਅਰਪਰਸਨ ਮਨਪ੍ਰੀਤ ਕੌਰ ਨੇ ਬੀ.ਡੀ.ਪੀ.ਓ ਦਫ਼ਤਰ ਧੂਰੀ ਵਿਖੇ ਆਪਣਾ ਅਹੁਦਾ ਸੰਭਾਲਿਆ। ਸਮਾਗਮ ਦੌਰਾਨ ਸਥਾਨਕ ਆਗੂਆਂ, ਵਲੰਟੀਅਰਾਂ ਅਤੇ ਇਲਾਕੇ ਦੇ ਵੱਡੀ ਗਿਣਤੀ ਵਿੱਚ ਲੋਕਾਂ ਨੇ ਹਾਜ਼ਰੀ ਭਰਕੇ ਨਵੀਂ ਟੀਮ ਨੂੰ ਵਧਾਈ ਦਿੱਤੀ। ਇਸ ਮੌਕੇ ਓ.ਐਸ.ਡੀ.ਸੁਖਵੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪਾਰਟੀ ਵੱਲੋਂ ਆਪ ਵਲੰਟੀਅਰਾਂ ਅਤੇ ਮਿਹਨਤੀ ਵਰਕਰਾਂ ਨੂੰ ਅੱਗੇ ਲਿਆਂਦਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਜ਼ਿੰਮੇਵਾਰੀਆਂ ਦੇ ਕੇ ਸਨਮਾਨਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਕਦਮ ਲੋਕਤੰਤਰ ਦੀ ਅਸਲ ਰੂਹ ਨੂੰ ਮਜ਼ਬੂਤ ਕਰਦਾ ਹੈ ਅਤੇ ਆਮ ਲੋਕਾਂ ਦੀ ਭਾਗੀਦਾਰੀ ਨੂੰ ਵਧਾਉਂਦਾ ਹੈ। ਉਨ੍ਹਾਂ ਨਵੀਂ ਚੁਣੀ ਲੀਡਰਸ਼ਿਪ ਨੂੰ ਵਧਾਈ ਦਿੰਦਿਆਂ ਭਰੋਸਾ ਦਿੱਤਾ ਕਿ ਸਰਕਾਰ ਵੱਲੋਂ ਹਰ ਪੱਧਰ 'ਤੇ ਪੂਰਾ ਸਹਿਯੋਗ ਦਿੱਤਾ ਜਾਵੇਗਾ ਤਾਂ ਜੋ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਅੱਗੇ ਵਧਾਇਆ ਜਾ ਸਕੇ। ਇਸ ਮੌਕੇ ਨਵ ਨਿਯੁਕਤ ਚੇਅਰਮੈਨ ਰਣਜੋਧ ਸਿੰਘ ਨੇ ਕਿਹਾ ਕਿ ਉਹ ਧੂਰੀ ਬਲਾਕ ਦੇ ਹਰ ਪਿੰਡ ਅਤੇ ਹਰ ਵਰਗ ਦੇ ਵਿਕਾਸ ਲਈ ਪੂਰੀ ਨਿਸ਼ਠਾ ਨਾਲ ਕੰਮ ਕਰਨਗੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਬੁਨਿਆਦੀ ਸਹੂਲਤਾਂ ਦੀ ਮਜ਼ਬੂਤੀ, ਪਿੰਡਾਂ ਦੀ ਬਿਹਤਰੀ, ਸਫਾਈ ਪ੍ਰਬੰਧ ਅਤੇ ਨੌਜਵਾਨਾਂ ਲਈ ਮੌਕੇ ਪੈਦਾ ਕਰਨਾ ਉਨ੍ਹਾਂ ਦੀਆਂ ਪਹਿਲੀਆਂ ਤਰਜੀਹਾਂ ਵਿੱਚ ਸ਼ਾਮਲ ਹੋਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਲੋਕਾਂ ਦੀਆਂ ਸਮੱਸਿਆਵਾਂ ਨੂੰ ਤੁਰੰਤ ਸੁਣਨਾ ਅਤੇ ਉਨ੍ਹਾਂ ਦਾ ਹੱਲ ਕਰਨਾ ਉਹ ਆਪਣਾ ਫਰਜ਼ ਸਮਝਦੇ ਹਨ ਅਤੇ ਧੂਰੀ ਬਲਾਕ ਨੂੰ ਤਰੱਕੀ ਦੀਆਂ ਨਵੀਆਂ ਲੀਹਾਂ 'ਤੇ ਲਿਜਾਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਚੇਅਰਮੈਨ ਰਣਜੋਧ ਸਿੰਘ ਅਤੇ ਵਾਈਸ ਚੇਅਰਪਰਸਨ ਮਨਪ੍ਰੀਤ ਕੌਰ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਦਿੱਤੀ ਜ਼ਿੰਮੇਵਾਰੀ ਉਹ ਪੂਰੀ ਮਿਹਨਤ ਅਤੇ ਲਗਨ ਨਾਲ ਨਿਭਾਉਣਗੇ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਦੀਆਂ ਲੋਕ-ਭਲਾਈ ਸਕੀਮਾਂ ਨੂੰ ਹਰ ਘਰ ਤੱਕ ਪਹੁੰਚਾਉਣਾ ਅਤੇ ਪਾਰਦਰਸ਼ੀ ਪ੍ਰਸ਼ਾਸਨ ਯਕੀਨੀ ਬਣਾਉਣਾ ਉਨ੍ਹਾਂ ਦੀ ਪਹਿਲੀ ਤਰਜੀਹ ਰਹੇਗੀ। ਇਸ ਮੌਕੇ ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ, ਮੈਂਬਰ ਵਕਫ਼ ਬੋਰਡ ਡਾ. ਅਨਵਰ ਭਸੌੜ, ਪਰਮਜੀਤ ਸਿੰਘ ਕਾਂਝਲਾ , ਸਤਿੰਦਰ ਸਿੰਘ ਚੱਠਾ, ਰਮਨਦੀਪ ਸਿੰਘ, ਬੀ.ਡੀ.ਪੀ.ਓ. ਸੁਖਵਿੰਦਰ ਸਿੰਘ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਹਰਜਿੰਦਰ ਸਿੰਘ ਕਾਂਝਲਾ, ਰਛਪਾਲ ਸਿੰਘ ਭੁੱਲਰਹੇੜੀ, ਅਮਰਦੀਪ ਸਿੰਘ ਧਾਂਦਰਾ, ਲਾਭ ਸਿੰਘ, ਗਗਨ ਜਵੰਦਾ ਭਸੌੜ, ਦਰਸ਼ਨ ਸਿੰਘ ਪਾਠਕ, ਰਜਿੰਦਰ ਸਿੰਘ ਪੇਧਨੀ, ਬਲਾਕ ਸੰਮਤੀ ਮੈਂਬਰ ਕੁਲਵਿੰਦਰ ਸਿੰਘ, ਹਰਜਿੰਦਰ ਕੌਰ, ਜਸਵੀਰ ਕੌਰ, ਸਵਰਨਜੀਤ ਕੌਰ, ਜਸਪਾਲ ਕੌਰ, ਜਗਸੀਰ ਸਿੰਘ, ਅਮਨਦੀਪ ਕੌਰ, ਕੁਰਸ਼ੇਦ, ਰਣਜੀਤ ਸਿੰਘ, ਬਲਵਿੰਦਰ ਸਿੰਘ, ਅਮਰਦੀਪ ਸਿੰਘ, ਸੁਖਮਨਵੀਰ ਸਿੰਘ, ਜਸਵਿੰਦਰ ਕੌਰ, ਰਾਣੋ, ਹਰਪ੍ਰੀਤ ਸਿੰਘ ਤੇ ਰਮਨਜੀਤ ਕੌਰ ਵੀ ਮੌਜੂਦ ਸਨ।

**ਧੂਰੀ ਬਲਾਕ ਨੂੰ ਤਰੱਕੀ ਦੀਆਂ ਲੀਹਾਂ 'ਤੇ ਲਿਜਾਣ 'ਚ ਕੋਈ ਕਸਰ ਬਾਕੀ ਨਹੀਂ ਛੱਡਾਂਗੇ : ਚੇਅਰਮੈਨ ਰਣਜੋਧ ਸਿੰਘ, ਵਾਈਸ ਚੇਅਰਪਰਸਨ ਮਨਪ੍ਰੀਤ ਕੌਰ**

ਆਵਾਜ਼ਿ ਕੌਮ AWAZE QAUM International Newspaper & WEB TV

### ਮੁੱਖ ਮੰਤਰੀ ਦੇ ਓ.ਐਸ.ਡੀ. ਸੁਖਵੀਰ ਸਿੰਘ ਨੇ ਅਨਾਜ ਮੰਡੀ ਧੂਰੀ ਵਿਖੇ

# ਕਣਕ ਦੀ ਸਰਕਾਰੀ ਖ਼ਰੀਦ ਕਰਵਾਈ ਸ਼ੁਰੂ



**ਧੂਰੀ ( ਰਣਜੀਤ ਸਿੰਘ ਪੇਧਨੀ )**-ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਓ.ਐਸ.ਡੀ. ਸੁਖਵੀਰ ਸਿੰਘ ਨੇ ਅੱਜ ਧੂਰੀ ਦੀ ਅਨਾਜ ਮੰਡੀ ਦਾ ਦੌਰਾ ਕੀਤਾ ਤੇ ਕਣਕ ਦੀ ਸਰਕਾਰੀ ਖ਼ਰੀਦ ਦੀ ਸ਼ੁਰੂਆਤ ਕਰਵਾਈ। ਇਸ ਮੌਕੇ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਣਕ ਦੀ ਖ਼ਰੀਦ ਮੌਕੇ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਪੇਸ਼ ਨਹੀਂ ਆਉਣ ਦੇਵੇਗੀ। ਮੰਡੀ 'ਚ ਸਰਕਾਰੀ ਖ਼ਰੀਦ ਸ਼ੁਰੂ ਕਰਵਾਉਂਦਿਆਂ ਓ.ਐਸ.ਡੀ. ਸੁਖਵੀਰ ਸਿੰਘ ਨੇ ਕਿਹਾ ਕਿ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਫ਼ਸਲ ਦਾ ਇੱਕ ਇੱਕ ਦਾਣਾ ਖ਼ਰੀਦਣ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਖ਼ਰੀਦ ਕੀਤੀ ਕਣਕ ਦੀ ਨਾਲੋਂ ਨਾਲ ਅਦਾਇਗੀ ਵੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਾਰੀਆਂ ਖ਼ਰੀਦ ਏਜੰਸੀਆਂ ਵੱਲੋਂ ਖਰੀਦ ਲਈ ਪੁਖ਼ਤਾ ਪ੍ਰਬੰਧ ਕੀਤੇ ਹੋਏ ਹਨ। ਇਸ ਮੌਕੇ ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ ਕਿਹਾ ਕਿ ਸਰਕਾਰ ਵੱਲੋਂ ਕਿਸਾਨ ਨੂੰ ਮੰਡੀਆਂ ਵਿੱਚ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ ਇਸ ਲਈ ਪੂਰੇ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚ ਸਫ਼ਾਈ, ਪੀਣ ਵਾਲੇ ਪਾਣੀ ਤੇ ਬੈਠਣ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਸਾਨ ਭਰਾਵਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਮੰਡੀਆਂ ਵਿੱਚ ਨਿਰਧਾਰਿਤ ਨਮੀ ਅਨੁਸਾਰ ਹੀ ਕਣਕ ਲੈਕੇ ਆਉਣ ਤਾਂ ਜੋ ਖਰੀਦ ਨਾਲੋ ਨਾਲ ਯਕੀਨੀ ਬਣਾਈ ਜਾ ਸਕੇ। ਇਸ ਮੌਕੇ ਮੈਂਬਰ ਵਕਫ਼ ਬੋਰਡ ਡਾ. ਅਨਵਰ ਭਸੌੜ, ਰਮਨਦੀਪ ਸਿੰਘ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਹਰਜਿੰਦਰ ਸਿੰਘ ਕਾਂਝਲਾ, ਰਛਪਾਲ ਸਿੰਘ ਭੁੱਲਰਹੇੜੀ, ਆੜ੍ਹਤੀਆ ਐਸੋਸੀਏਸ਼ਨ ਧੂਰੀ ਦੇ ਪ੍ਰਧਾਨ ਜਤਿੰਦਰ ਸਿੰਘ ਮੰਡੇਰ (ਸੋਨੀ), ਚੌਧਰੀ ਪਵਨ ਵਰਮਾ, ਦਰਸ਼ਨ ਸਿੰਘ ਪਾਠਕ, ਗਗਨ ਜਵੰਦਾ, ਅਵਤਾਰ ਸਿੰਘ ਭਸੌੜ, ਨਰੇਸ਼ ਸਿੰਗਲਾ, ਕੁਲਵਿੰਦਰ ਸਿੰਘ ਹਸਨਪੁਰ, ਅਨਿਲ ਮਿੱਤਲ, ਮਾਣਾ ਗਰੇਵਾਲ, ਸਮੇਤ ਵੱਡੀ ਗਿਣਤੀ ਕਿਸਾਨ ਅਤੇ ਆੜ੍ਹਤੀਏ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

**ਮੰਡੀਆਂ 'ਚ ਸਫ਼ਾਈ, ਪੀਣ ਵਾਲੇ ਪਾਣੀ, ਬੈਠਣ ਸਮੇਤ ਕਣਕ ਦੀ ਨਿਰਵਿਘਨ ਖ਼ਰੀਦ ਲਈ ਪੁਖ਼ਤਾ ਪ੍ਰਬੰਧ : ਚੇਅਰਮੈਨ ਰਾਜਵੰਤ ਸਿੰਘ ਘੁੱਲੀ**

# ਪੱਡਾ 'ਤੇ ਪੁਲਸ ਨੇ ਝੂਠੀ ਕਾਰਵਾਈ ਕੀਤੀ ਤਾਂ ਸੰਘਰਸ਼ ਵਿੱਢਾਂਗੇ : ਰਾਜਾ ਲਦੇਹ



**ਚੌਕ ਮਹਿਤਾ, 9 ਅਪ੍ਰੈਲ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਹਲਕਾ ਜੰਡਿਆਲਾ ਗੁਰੂ ਦੇ ਪਿੰਡ ਸੂਰੋਪੱਡਾ ਦੇ ਸੀਨੀਅਰ ਅਕਾਲੀ ਆਗੂ ਜਸਪਾਲ ਸਿੰਘ ਦੇ ਘਰ ਪੁਲੀਸ ਵੱਲੋਂ ਰੇਡ ਕਰਨ ਨੂੰ ਲੈਕੇ ਅਕਾਲੀ ਲੀਡਰਸ਼ਿਪ ਨੇ ਸਖ਼ਤ ਇਤਰਾਜ਼ ਜਤਾਇਆ ਹੈ। ਅੱਜ ਇਥੇ ਜਸਪਾਲ ਸਿੰਘ ਪੱਡਾ ਨੇ ਦੱਸਿਆ ਕਿ ਮੇਰੀ ਧਰਮਪਤਨੀ ਸਵ. ਬਲਜੀਤ ਕੌਰ 2 ਵਾਰ ਸਰਪੰਚ ਬਣੇ ਅਤੇ ਹੁਣ ਤੀਸਰੀ ਵਾਰ ਮੇਰੇ ਭਾਬੀ ਜੀ ਬਤੌਰ ਸਰਪੰਚ ਪਿੰਡ ਦੀ ਸੇਵਾ ਕਰ ਰਹੇ ਹਨ। ਪਿਛਲੇ ਦਿਨੀਂ ਪੁਲਸ ਨੇ ਮੇਰੇ ਘਰ ਰੇਡ ਕੀਤਾ ਅਤੇ ਮੇਰੇ ਘਰ ਦੀ ਤਲਾਸ਼ੀ ਕੀਤੀ। ਪੁਲਸ ਨੇ ਕਿਹਾ ਕਿ ਤੁਹਾਡੇ ਵੱਲੋਂ ਚਿੱਟਾ ਵੇਚਣ ਬਾਰੇ ਸਾਨੂੰ ਸ਼ਿਕਾਇਤ ਮਿਲੀ ਹੈ। ਜਸਪਾਲ ਸਿੰਘ ਪੱਡਾ ਨੇ ਦੱਸਿਆ ਕਿ ਇਸ ਤਲਾਸ਼ੀ ਦੌਰਾਨ ਪੁਲਸ ਨੂੰ ਮੇਰੇ ਘਰ ਚੋਂ ਕੁਝ ਵੀ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਦਰਅਸਲ ਮੇਰਾ ਅਕਸ ਖਰਾਬ ਕਰਨ ਅਤੇ ਮੈਨੂੰ ਡਰਾਉਣ ਦੇ ਲਈ ਇਹ ਕਾਰਵਾਈ ਹੋਈ ਹੈ, ਜੋ ਸਿੱਧੇ ਤੌਰ 'ਤੇ ਸਿਆਸਤ ਤੋਂ ਪ੍ਰੇਰਿਤ ਹੈ। ਇਥੇ ਮੌਜੂਦ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲਾ ਪ੍ਰਧਾਨ ਰਾਜਵਿੰਦਰ ਸਿੰਘ ਰਾਜਾ ਲਦੇਹ ਨੇ ਆਖਿਆ ਕਿ ਜਸਪਾਲ ਸਿੰਘ ਪੱਡਾ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਨਿਧੜਕ ਯੋਧੇ ਹਨ ਪਰ ਆਮ ਆਦਮੀ ਪਾਰਟੀ ਦੀ ਸਰਕਾਰ ਉਨ੍ਹਾਂ ਨੂੰ ਡਰਾਉਣਾ ਚਾਹੁੰਦੀ ਹੈ, ਤਾਂ ਕਿ ਉਹ ਅਕਾਲੀ ਦਲ ਛੱਡ ਕੇ 'ਆਪ' ਨੂੰ ਜੁਆਇਨ ਕਰ ਲੈਣ। ਪ੍ਰਧਾਨ ਰਾਜਾ ਲਦੇਹ ਨੇ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਜਸਪਾਲ ਸਿੰਘ ਪੱਡਾ ਨਾਲ ਚੱਟਾਨ ਵਾਂਗ ਖੜੀ ਹੈ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਿਆਸੀ ਸ਼ਿਹ 'ਤੇ ਪੁਲਸ ਨੇ ਕਿਸੇ ਗਲਤ ਕਾਰਵਾਈ ਨੂੰ ਅੰਜਾਮ ਦਿੱਤਾ ਤਾਂ ਅਕਾਲੀ ਦਲ ਵੱਡਾ ਸੰਘਰਸ਼ ਵਿੱਢਣ ਤੋਂ ਪਿੱਛੇ ਨਹੀਂ ਹਟੇਗਾ। ਹਲਕਾ ਇੰਚਾਰਜ ਸੰਦੀਪ ਸਿੰਘ ਏ. ਆਰ. ਨੇ ਆਖਿਆ ਕਿ ਜਸਪਾਲ ਸਿੰਘ ਪੱਡਾ ਬੇਹੱਦ ਇਮਾਨਦਾਰ ਅਤੇ ਇਨਸਾਫ ਪਸੰਦ ਵਿਅਕਤੀ ਹਨ, ਜਿਨਾਂ ਦਾ ਆਪਣੇ ਪਿੰਡ ਅਤੇ ਇਲਾਕੇ ਵਿਚ ਚੰਗਾ ਸਤਿਕਾਰ ਹੈ ਪਰ ਪੁਲਸ ਵੱਲੋਂ ਪਿਛਲੇ ਦਿਨੀਂ ਉਨਾਂ ਘਰ ਰੇਡ ਕੀਤੇ ਜਾਣਾ ਬਰਦਾਸ਼ਤਯੋਗ ਨਹੀਂ ਹੈ। ਇਸ ਮੌਕੇ ਸਾਬਕਾ ਸਰਪੰਚ ਮਲਵਿੰਦਰ ਸਿੰਘ ਧਰਮੂਚੱਕ, ਸਾਬਕਾ ਸਰਪੰਚ ਗੋਪਾਲ ਸਿੰਘ ਘੁਹਾਟਵਿੰਡ, ਓਂਕਾਰ ਸਿੰਘ ਫੌਜੀ, ਗੁਲਜ਼ਾਰ ਸਿੰਘ, ਗੁਰਚਰਨ ਸਿੰਘ, ਸ਼ਮਸ਼ੇਰ ਸਿੰਘ ਮਹਿਤਾ, ਸੁੱਖਾ ਸਿੰਘ ਮਹਿਤਾ, ਬਲਵੰਤ ਸਿੰਘ, ਸੁਖਵਿੰਦਰ ਸਿੰਘ ਪੰਚ, ਤਰਸੇਮ ਸਿੰਘ ਤੇ ਪਿੰਡ ਵਾਸੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਮਨੁੱਖੀ ਅਧਿਕਾਰ ਕਮਿਸ਼ਨ ਪੰਜਾਬ ਰਾਜ ਅਤੇ ਚੰਡੀਗੜ੍ਹ ਵੱਲੋਂ ਜ਼ਿਲਾ ਫਿਰੋਜਪੁਰ ਲਈ ਕੋਰ ਗਰੁੱਪ ਕਮੇਟੀ ਦੀ ਚੋਣ




**ਫਿਰੋਜ਼ਪੁਰ, 9 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਮਨੁੱਖੀ ਅਧਿਕਾਰਾਂ ਦੀ ਰੱਖਿਆ ਅਤੇ ਉਨਾਂ ਦੇ ਪ੍ਰਚਾਰ ਪਸਾਰ ਨੂੰ ਮਜਬੂਰ ਕਰਨ ਲਈ ਮਨੁੱਖੀ ਅਧਿਕਾਰ ਕਮਿਸ਼ਨ ਪੰਜਾਬ ਰਾਜ ਅਤੇ ਚੰਡੀਗੜ੍ਹ ਵੱਲੋਂ ਜ਼ਿਲਾ ਫਿਰੋਜਪੁਰ ਲਈ ਕੋਰ ਗਰੁੱਪ ਕਮੇਟੀ ਦੀ ਚੋਣ ਕੀਤੀ ਗਈ। ਇਸ ਗਰੁੱਪ ਵਿੱਚ ਵੱਖ-ਵੱਖ ਖੇਤਰਾਂ ਨਾਲ ਸੰਬੰਧਿਤ ਸਮਾਜ ਸੇਵੀ ਕਾਨੂੰਨ ਨੀ ਮਾਹਰ ਸਿੱਖਿਆ ਅਤੇ ਜਾਗਰੂਕ ਨਾਗਰਿਕਾਂ ਨੂੰ ਸ਼ਾਮਿਲ ਕੀਤਾ ਗਿਆ। ਜੋ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਲਈ ਅਹਿਮ ਭੂਮਿਕਾ ਨਿਭਾਉਣਗੇ ਚੰਡੀਗੜ੍ਹ ਵਿਖੇ ਮਨੁੱਖੀ ਅਧਿਕਾਰ ਕਮਿਸ਼ਨ ਪੰਜਾਬ ਅਤੇ ਚੰਡੀਗੜ੍ਹ ਵੱਲੋਂ ਰੱਖੇ ਗਏ ਸੰਮੇਲਨ ਵਿੱਚ ਹਾਈ ਕੋਰਟ ਤੋਂ ਜੱਜ ਹਰਕੇਸ਼ ਮਨੂਜਾ ਅਤੇ ਨਮਿਤ ਕੁਮਾਰ ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਮੈਨ ਜਸਟਿਸ ਸੰਤ ਪ੍ਰਕਾਸ਼ ਮੈਂਬਰ ਜਸਟਿਸ ਗੁਰਬੀਰ ਸਿੰਘ ਮੈਂਬਰ ਪਦਮ ਸ੍ਰੀ ਜਤਿੰਦਰ ਸਿੰਘ ਸ਼ੰਟੀ , ਪੰਜਾਬ ਦੇ ਡੀਜੀਪੀ ਗੌਰਵ ਯਾਦਵ , ਚੰਡੀਗੜ੍ਹ ਦੇ ਡੀਜੀਪੀ ਪ੍ਰੀਤ ਸਾਗਰ ਹੁੱਡਾ, ਸਪੈਸ਼ਲ ਡੀਜੀਪੀ ਮਨੁੱਖੀ ਅਧਿਕਾਰ ਨਰੇਸ਼ ਅਰੋੜਾ , ਮਹਿਲਾ ਕਮਿਸ਼ਨ ਚੇਅਰ ਪਰਸਨ ਰਾਜ ਲਾਲੀ ਗਿੱਲ ਜੀ ਬੱਚਿਆਂ ਦੀ ਸੁਰੱਖਿਆ ਕਮਿਸ਼ਨ ਤੋਂ ਵਾਈਸ ਚੇਅਰ ਪਰਸਨ ਗਨੀਤ ਰੁਚੀ ਬਾਵਾ ਆਦ ਹਾਜ਼ਰ ਸਨ। ਜ਼ਿਲਾ ਫਿਰੋਜ਼ਪੁਰ ਦੇ ਕੋਰ ਗਰੁੱਪ ਵਿੱਚ ਵੱਖ-ਵੱਖ ਖੇਤਰਾਂ ਤੋਂ ਮੈਂਬਰ ਚੁਣੇ ਗਏ ਹਨ। ਜਿਨਾਂ ਵਿੱਚ ਬਾਬਾ ਸਤਨਾਮ ਸਿੰਘ ਜੀ ਵੱਲੀਆਂ ਪੰਜਾਬ ਪ੍ਰਧਾਨ ਧਾਰਮਿਕ ਵਿੰਗ ਇੰਟਰਨੈਸ਼ਨਲ ਪੰਥਕ ਦਲ, ਸਮਾਜ ਸੇਵੀ ਦਲਜੀਤ ਸਿੰਘ ਮਹਾਲਮ ਸਾਈਂ ਮੀਆਂ ਮੀਰ ਫਾਊਡੇਸ਼ਨ, ਨੈਸ਼ਨਲ ਤੇ ਸਟੇਟ ਅਵਾਰਡੀ ਗੁਰਨਾਮ ਸਿੰਘ ਸਿੱਧੂ, ਨਰਿੰਦਰ ਸਿੰਘ ਕੇਸਰ, ਪ੍ਰਹਿਲਾਦ ਸੰਗੇਲੀਆ, ਅਮਰਜੀਤ ਕੌਰ ਛਾਬੜਾ, ਸੰਦੀਪ ਕੌਰ ਸਿੱਧੂ, ਚਾਨਣ ਸਿੰਘ ਖਹਿਰਾ, ਤੋਤਾ ਸਿੰਘ ਲਾਡੀ, ਗੁਰਨੂਰ ਸਿੰਘ ਬਰਾੜ, ਪਰਮਜੀਤ ਸਿੰਘ, ਅਮਨ ਮੁੰਗਾ ਅਤੇ ਰੋਹਿਤ ਰਾਜਪੂਤ ਨੂੰ ਚੁਣਿਆ ਗਿਆ ਕੋਰ ਗਰੁੱਪ ਦਾ ਮੁੱਖ ਉਦੇਸ਼ ਜਿਲੇ ਵਿੱਚ ਮਨੁੱਖੀ ਅਧਿਕਾਰਾਂ ਸਬੰਧੀ ਮਸਲਿਆਂ ਦੀ ਪਹਿਚਾਣ ਕਰਨਾ ਪੀੜਤ ਲੋਕਾਂ ਨੂੰ ਸਹਦਾ ਪ੍ਰਦਾਨ ਕਰਨਾ ਅਤੇ ਸਰਕਾਰ ਤੇ ਕਮਿਸ਼ਨ ਦਰਮਿਆਨ ਸਾਂਝ ਪੈਦਾ ਕਰਨੀ ਹੈ ਇਹ ਗਰੁੱਪ ਲੋਕਾਂ ਵਿੱਚ ਜਾਗਰੂਕਤਾ ਫੈਲਾਉਣ ਲਈ ਸਮੇਂ ਸਮੇਂ ਤੇ ਕੈਂਪ ਸੈਮੀਨਾਰ ਅਤੇ ਜਨ ਸੁਣਵਾਈਆਂ ਦਾ ਆਯੋਜਨ ਵੀ ਕਰੇਗਾ ਚੁਣੇ ਗਏ ਮੈਂਬਰਾਂ ਨੇ ਦੱਸਿਆ ਕਿ ਜਿਲੇ ਚੁਣੇ ਗਏ ਮੈਂਬਰਾਂ ਦੱਸਿਆ ਕਿ ਜਿਲੇ ਚ ਜਲਦ ਹੀ ਇੱਕ ਦਫਤਰ ਸਥਾਪਿਤ ਕੀਤਾ ਜਾ ਰਿਹਾ ਹੈ ਜਿੱਥੇ ਮਨੁੱਖੀ ਅਧਿਕਾਰ ਕਮਿਸ਼ਨ ਪੰਜਾਬ ਰਾਜ ਅਤੇ ਚੰਡੀਗੜ੍ਹ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹਰ ਸਮੱਸਿਆ ਦੇ ਹੱਲ ਕੀਤੇ ਜਾਣਗੇ।




ਆਵਾਜ਼ਿ ਕੌਮ AWAZE QAUM International Newspaper & WEB TV

### ਉਦਯੋਗ ਮੰਤਰੀ ਨੇ ਐਚਐਮਈਐਲ ਦੀ ਗੁਰੂ ਗੋਬਿੰਦ ਸਿੰਘ ਰਿਫਾਇਨਰੀ ਦਾ ਕੀਤਾ ਦੌਰਾ

# ਪੰਜਾਬ ਨੂੰ ਪੈਟਰੋਕੈਮਿਕਲ ਹੱਬ ਵਜੋਂ ਵਿਕਸਤ ਕਰਨ ਦਾ ਵਿਜ਼ਨ ਕੀਤਾ ਪੇਸ਼



**ਤਲਵੰਡੀ ਸਾਬੋ, 9 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)**- ਪੰਜਾਬ ਦੇ ਉਦਯੋਗਿਕ ਵਿਕਾਸ ਪ੍ਰਤੀ ਆਪਣੀ ਮਜ਼ਬੂਤ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਪੰਜਾਬ ਸਰਕਾਰ ਦੇ ਉਦਯੋਗ ਅਤੇ ਵਪਾਰ, ਨਿਵੇਸ਼ ਪ੍ਰੋਤਸਾਹਨ, ਬਿਜਲੀ ਅਤੇ ਸਥਾਨਕ ਸਰਕਾਰਾਂ ਮੰਤਰੀ ਸ੍ਰੀ ਸੰਜੀਵ ਅਰੋੜਾ ਨੇ ਅੱਜ ਐਚਪੀਸੀਐਲ ਮਿੱਤਲ ਐਨਰਜੀ ਲਿਮਿਟੇਡ ਦੀ ਗੁਰੂ ਗੋਬਿੰਦ ਸਿੰਘ ਰਿਫਾਇਨਰੀ, ਬਠਿੰਡਾ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਨੇ ਰਿਫਾਇਨਰੀ ਦੇ ਵਿਸ਼ਵ-ਪੱਧਰੀ ਢਾਂਚੇ, ਮਜ਼ਬੂਤ ਸੁਰੱਖਿਆ ਸੰਸਕਾਰ ਅਤੇ ਆਧੁਨਿਕ ਤਕਨੀਕੀ ਪਹਿਲਾਂ ਦੀ ਖੁੱਲ੍ਹ ਕੇ ਸਰਾਹਨਾ ਕੀਤੀ। ਰਿਫਾਇਨਰੀ ਪਹੁੰਚਣ 'ਤੇ ਮੰਤਰੀ ਦਾ ਸਵਾਗਤ ਐਚਐਮਈਐਲ ਦੇ ਐਮਡੀ ਅਤੇ ਸੀਈਓ ਸ੍ਰੀ ਪ੍ਰਭ ਦਾਸ ਅਤੇ ਸੀਨੀਅਰ ਲੀਡਰਸ਼ਿਪ ਟੀਮ ਵੱਲੋਂ ਕੀਤਾ ਗਿਆ। ਦੌਰੇ ਦੌਰਾਨ ਉਨ੍ਹਾਂ ਨੇ ਰਿਫਾਇਨਰੀ ਦੀਆਂ ਮੁੱਖ ਓਪਰੇਸ਼ਨਲ ਯੂਨਿਟਾਂ ਦਾ ਨਿਰੀਖਣ ਕੀਤਾ ਅਤੇ ਐਚਐਮਈਐਲ ਦੀ ਲੀਡਰਸ਼ਿਪ ਨਾਲ ਵਿਸਥਾਰਪੂਰਵਕ ਚਰਚਾ ਕੀਤੀ। ਇਸ ਦੌਰਾਨ ਉਨ੍ਹਾਂ ਨੂੰ ਇੱਥੇ ਵਰਤੀ ਜਾ ਰਹੀਆਂ ਅਤਿ-ਆਧੁਨਿਕ ਤਕਨੀਕਾਂ ਅਤੇ ਸਰਵੋਤਮ ਪ੍ਰਬੰਧਕੀ ਪ੍ਰਣਾਲੀਆਂ ਬਾਰੇ ਜਾਣਕਾਰੀ ਦਿੱਤੀ ਗਈ। ਸ੍ਰੀ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਦੀ ਅਗਵਾਈ ਹੇਠ ਨਵੀਂ ਉਦਯੋਗ ਨੀਤੀ 2026 ਪੰਜਾਬ ਦੇ ਉਦਯੋਗਿਕ ਦ੍ਰਿਸ਼ ਨੂੰ ਨਵੀਂ ਦਿਸ਼ਾ ਦੇਵੇਗੀ ਅਤੇ ਵੱਡੇ ਪੱਧਰ 'ਤੇ ਨਿਵੇਸ਼ ਨੂੰ ਆਕਰਸ਼ਿਤ ਕਰੇਗੀ। ਉਨ੍ਹਾਂ ਨੇ ਇਹ ਵੀ ਖੁਸ਼ੀ ਪ੍ਰਗਟਾਈ ਕਿ ਐਚਐਮਈਐਲ ਸਮੂਹ ਪੰਜਾਬ ਵਿੱਚ ਸਭ ਤੋਂ ਵੱਧ ਸਿੰਗਲ-ਸਾਈਟ ਨਿਵੇਸ਼ ਕਰਨ ਵਾਲੀ ਪ੍ਰਮੁੱਖ ਕੰਪਨੀ ਹੈ, ਜਿੱਥੇ ਕੰਪਨੀ ਦਾ ਕੁੱਲ ਨਿਵੇਸ਼ ਲਗਭਗ 60,000 ਕਰੋੜ ਤੱਕ ਪਹੁੰਚ ਚੁੱਕਾ ਹੈ। ਇਸ ਦੇ ਨਾਲ ਹੀ, ਫਾਈਨ ਕੈਮੀਕਲ ਸੈਕਟਰ ਵਿੱਚ ਐਚਐਮਈਐਲ ਵੱਲੋਂ ਹਾਲ ਹੀ ਵਿੱਚ ਐਲਾਨੇ 2,600 ਕਰੋੜ ਦੇ ਨਿਵੇਸ਼ ਨੂੰ ਉਨ੍ਹਾਂ ਨੇ ਸੂਬੇ ਦੀ ਉਦਯੋਗਿਕ ਸਮਰੱਥਾ ਨੂੰ ਹੋਰ ਮਜ਼ਬੂਤ ਕਰਨ ਵਾਲਾ ਇੱਕ ਮਹੱਤਵਪੂਰਨ ਕਦਮ ਕਰਾਰ ਦਿੱਤਾ। ਮੰਤਰੀ ਨੇ ਐਚਐਮਈਐਲ ਦੇ ਉੱਚ ਸੁਰੱਖਿਆ ਅਤੇ ਕੁਸ਼ਲਤਾ ਮਾਪਦੰਡਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਕੰਪਨੀ ਨੇ ਉਦਯੋਗਿਕ ਸੰਚਾਲਨ ਦੇ ਖੇਤਰ ਵਿੱਚ ਇੱਕ ਨਵਾਂ ਮਾਪਦੰਡ ਸਥਾਪਿਤ ਕੀਤਾ ਹੈ। ਇਸ ਮੌਕੇ ਉਨ੍ਹਾਂ ਨੇ ਰਿਫਾਇਨਰੀ ਵਿੱਚ ਸਥਿਤ ਏਸ਼ੀਆ ਦੇ ਸਭ ਤੋਂ ਵੱਡੇ ਆਟੋਮੈਟਿਕ ਪ੍ਰੋਡਕਟ ਸਟੋਰੇਜ ਵੇਅਰਹਾਊਸ ਦਾ ਵੀ ਦੌਰਾ ਕੀਤਾ,



ਜੋ ਲਗਭਗ 1 ਕਿਲੋਮੀਟਰ ਲੰਬਾ ਹੈ ਅਤੇ 1.5 ਲੱਖ ਟਨ ਪੋਲਿਮਰ ਸਟੋਰ ਕਰਨ ਦੀ ਸਮਰੱਥਾ ਰੱਖਦਾ ਹੈ। ਇਹ ਪੂਰੀ ਤਰ੍ਹਾਂ ਆਟੋਮੈਟਿਕ ਅਤੇ ਮਨੁੱਖ-ਰਹਿਤ ਪ੍ਰਣਾਲੀ ਨਾਲ ਸੰਚਾਲਿਤ ਹੁੰਦਾ ਹੈ। ਤਕਨੀਕੀ ਨਵੀਨਤਾ ਦੀ ਸਰਾਹਨਾ ਕਰਦਿਆਂ ਮੰਤਰੀ ਨੂੰ ਹਾਈਡਰੋਕਾਰਬਨ ਖੇਤਰ ਵਿੱਚ ਪਹਿਲੀ ਵਾਰ ਵਰਤੇ ਜਾ ਰਹੇ ਕਵਾਡਰੂਪੈਡ ਰੋਬੋਟਿਕ ਡਾਗ ਨਾਲ ਵੀ ਜਾਣੂ ਕਰਵਾਇਆ ਗਿਆ। ਇਹ ਰੋਬੋਟ ਨਿਗਰਾਨੀ, ਗੈਸ ਰਿਸਾਅ ਦੀ ਪਛਾਣ ਅਤੇ ਸੁਰੱਖਿਆ ਮਾਨੀਟਰਿੰਗ ਲਈ ਵਰਤਿਆ ਜਾਂਦਾ ਹੈ। ਸ੍ਰੀ ਅਰੋੜਾ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਤਕਨੀਕੀ ਪਹਿਲਾਂ ਐਚਐਮਈਐਲ ਨੂੰ ਨਵਾਚਾਰ ਦਾ ਪ੍ਰਤੀਕ ਬਣਾਉਂਦੀਆਂ ਹਨ ਅਤੇ ਪੰਜਾਬ ਨੂੰ ਭਵਿੱਖ-ਕੇਂਦ੍ਰਿਤ ਉਦਯੋਗਿਕ ਰਾਜ ਵਜੋਂ ਸਥਾਪਿਤ ਕਰਦੀਆਂ ਹਨ। ਪੈਟਰੋਕੈਮਿਕਲ ਡਾਊਨਸਟ੍ਰੀਮ ਸੈਕਟਰ ਦੀਆਂ ਵੱਡੀਆਂ ਸੰਭਾਵਨਾਵਾਂ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਨੇ ਕਿਹਾ ਕਿ ਇਹ ਖੇਤਰ ਨਿਵੇਸ਼, ਰੋਜ਼ਗਾਰ ਸਿਰਜਣਾ ਅਤੇ ਆਰਥਿਕ ਵਿਕਾਸ ਲਈ ਵਿਸ਼ਾਲ ਮੌਕੇ ਪ੍ਰਦਾਨ ਕਰਦਾ ਹੈ। ਉਨ੍ਹਾਂ ਨੇ ਵਿਸ਼ਵਾਸ ਜਤਾਇਆ ਕਿ ਐਚਐਮਈਐਲ ਵਰਗੀ ਵਿਸ਼ਵ-ਪੱਧਰੀ ਰਿਫਾਇਨਰੀ ਦੀ ਮੌਜੂਦਗੀ ਸਹਾਇਕ ਅਤੇ ਅਨੁਸੰਗੀ ਉਦਯੋਗਾਂ ਦੇ ਵਿਕਾਸ ਲਈ ਮਜ਼ਬੂਤ ਆਧਾਰ ਸਾਬਤ ਹੋਵੇਗੀ। ਉਨ੍ਹਾਂ ਨੇ ਇਹ ਵੀ ਭਰੋਸਾ ਦਿਵਾਇਆ ਕਿ ਪੰਜਾਬ ਸਰਕਾਰ ਸੂਬੇ ਨੂੰ ਭਾਰਤ ਦੇ ਪ੍ਰਮੁੱਖ ਪੈਟਰੋਕੈਮਿਕਲ ਹੱਬ ਵਜੋਂ ਵਿਕਸਤ ਕਰਨ ਲਈ ਹਰ ਸੰਭਵ ਸਹਿਯੋਗ ਦੇਵੇਗੀ ਅਤੇ ਡਾਊਨਸਟ੍ਰੀਮ ਉਦਯੋਗਾਂ ਲਈ ਨਿਵੇਸ਼-ਅਨੁਕੂਲ ਵਾਤਾਵਰਣ ਤਿਆਰ ਕੀਤਾ ਜਾਵੇਗਾ। ਇਸ ਮੌਕੇ ਮੰਤਰੀ ਨੇ ਐਚਐਮਈਐਲ ਦੀਆਂ ਸੀਐਸਆਰ ਪਹਿਲਾਂ ਦੀ ਵੀ ਸਰਾਹਨਾ ਕੀਤੀ, ਜਿਨ੍ਹਾਂ ਰਾਹੀਂ ਸਿਹਤ ਸੇਵਾਵਾਂ, ਸਿੱਖਿਆ, ਮਹਿਲਾ ਸਸ਼ਕਤੀਕਰਨ, ਹੁਨਰ ਵਿਕਾਸ ਅਤੇ ਪਿੰਡਾਂ ਦੇ ਬੁਨਿਆਦੀ ਢਾਂਚੇ ਵਿੱਚ ਮਹੱਤਵਪੂਰਨ ਬਦਲਾਅ ਆਏ ਹਨ। ਅੰਤ ਵਿੱਚ ਐਚਐਮਈਐਲ ਦੀ ਲੀਡਰਸ਼ਿਪ ਨੇ ਮਾਨਯੋਗ ਮੰਤਰੀ ਦਾ ਦੌਰੇ ਲਈ ਧੰਨਵਾਦ ਕਰਦਿਆਂ ਪੰਜਾਬ ਦੇ ਉਦਯੋਗਿਕ ਵਿਕਾਸ ਵਿੱਚ ਆਪਣੀ ਭੂਮਿਕਾ ਨੂੰ ਹੋਰ ਮਜ਼ਬੂਤ ਕਰਨ ਲਈ ਓਪਰੇਸ਼ਨਲ ਐਕਸਲੈਂਸ, ਸੁਰੱਖਿਆ ਅਤੇ ਸਸਟੇਨਬਿਲਟੀ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ।

### ਖਾਲਸਾ ਕਾਲਜ ਮਹਿਤਾ ਬੀ.ਸੀ.ਏ ,ਬੀ.ਕਾਮ ਅਤੇ ਐਮ.ਏ ਇਤਿਹਾਸ ਦੇ

# ਵਿਦਿਆਰਥੀਆਂ ਨੇ ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚ ਮਾਰੀਆਂ ਮੱਲਾਂ




**ਚੌਕ ਮਹਿਤਾ, 9 ਅਪ੍ਰੈਲ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ਼੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਵਿਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਕਾਲਜ ਮਹਿਤਾ ਚੌਂਕ ਦੇ ਬੀ.ਸੀ.ਏ ,ਬੀ.ਕਾਮ ਅਤੇ ਐਮ.ਏ ਇਤਿਹਾਸ ਦੇ ਨਤੀਜੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਘੋਸ਼ਿਤ ਕੀਤੇ ਗਏ। ਜਿਸ ਵਿੱਚ ਵਿਦਿਆਰਥੀਆਂ ਦੀ ਮਿਹਨਤ ਸਦਕਾ ਨਤੀਜੇ ਸੌ ਫੀਸਦੀ ਰਹੇ। ਜਿਸ ਵਿੱਚ ਬੀ.ਸੀ.ਏ ਸਮੈਸਟਰ ਪਹਿਲਾ ਦੇ ਤਰਨਪ੍ਰੀਤ ਕੌਰ,ਚੰਦਨਪ੍ਰੀਤ ਕੌਰ,ਸ਼ਰਨਪ੍ਰੀਤ ਕੌਰ ਬੀ.ਕਾਮ ਸਮੈਸਟਰ ਚੌਥਾ ਦੀ ਜੈਸਮੀਨ ਕੌਰ, ਸਿਮਰਨਪ੍ਰੀਤ ਕੌਰ ਅਤੇ ਸ਼ਰਨਜੀਤ ਕੌਰ ਐਮ.ਏ ਇਤਿਹਾਸ ਦੇ ਸਮੈਸਟਰ ਪਹਿਲਾਂ ਸਿਮਰਨਜੀਤ ਕੌਰ, ਰਮਨਦੀਪ ਕੌਰ, ਕਵਲਜੀਤ ਕੌਰ, ਸੁਮਨਪ੍ਰੀਤ ਕੌਰ, ਗੁਰਪ੍ਰੀਤ ਕੌਰ ਅੰਮ੍ਰਿਤ ਪਾਲ ਕੌਰ ਅਤੇ ਨਿਮਰਤਬੀਰ ਕੌਰ ਨੇ ਕ੍ਰਮਵਾਰ ਪਹਿਲਾ,ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ।ਇਹਨਾ ਪ੍ਰੀਖਿਆਵਾਂ ਵਿਚ ਕਾਲਜ ਦੇ ਸਾਰੇ ਵਿਦਿਆਰਥੀਆਂ ਦਾ ਪ੍ਰਦਰਸ਼ਨ ਸ਼ਲਾਘਾਯੋਗ ਰਿਹਾ। ਇਸ ਮੌਕੇ 'ਤੇ ਕਾਲਜ ਦੇ ਪ੍ਰਿੰਸੀਪਲ ਸਰਦਾਰ ਗੁਰਦੀਪ ਸਿੰਘ ਜਲਾਲ ਉਸਮਾਂ ਨੇ ਖੁਸ਼ੀ ਜ਼ਾਹਿਰ ਕਰਦਿਆ ਵਿਦਿਆਰਥੀਆਂ ਦੇ ਨਾਲ-ਨਾਲ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ, ਅਤੇ ਕਿਹਾ ਕਿ ਇਹ ਨਤੀਜੇ ਸਿਰਫ ਤੁਹਾਡੀ ਲਗਾਤਾਰ ਕੋਸ਼ਿਸ਼ ਨਹੀਂ ਸਗੋਂ ਤੁਹਾਡੇ ਭਵਿੱਖ ਦੀ ਮਜਬੂਤ ਨੀਂਹ ਵੀ ਹਨ। ਤੁਸੀ ਕਾਲਜ ਦਾ ਮਾਨ ਵਧਾਇਆ ਹੈ ਤੇ ਹੋਰ ਬੱਚਿਆਂ ਲਈ ਪ੍ਰੇਰਨਾ ਦਾ ਇੱਕ ਉਦਾਹਰਣ ਬਣੇ ਹੋ। ਉਹਨਾਂ ਨੇ ਵਿਦਿਆਰਥੀਆਂ ਨੂੰ ਦਿਲ ਲਾ ਕੇ ਪੜ੍ਹਨ ਅਤੇ ਆਪਣੀ ਜ਼ਿੰਦਗੀ ਵਿੱਚ ਕਾਮਯਾਬ ਹੋਣ ਲਈ ਪ੍ਰੇਰਿਤ ਕੀਤਾ। ਇਸ ਸੁਭਾਗੇ ਮੌਕੇ 'ਤੇ ਕਾਲਜ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ,ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ, ਪ੍ਰਿੰਸੀਪਲ ਜਤਿੰਦਰ ਸ਼ਰਮਾ, ਕੁਲਦੀਪ ਕੌਰ,ਗੁਰਸ਼ਰਨਪ੍ਰੀਤ ਕੌਰ, ਸੁਖਮਨਦੀਪ ਕੌਰ ,ਪਵਨਦੀਪ ਕੌਰ, ਅਮਨਦੀਪ ਕੌਰ, ਪੂਰਤੀ ਸ਼ਰਮਾ , ਨਵਨੀਤ ਕੌਰ, ਮਨਜੀਤ ਕੌਰ ,ਗੁਰਵਿੰਦਰ ਕੌਰ ,ਸੁਪ੍ਰੀਤ ਕੌਰ, ਅਰਸ਼ਦੀਪ ਕੌਰ,ਬਲਜੀਤ ਕੌਰ ਅਤੇ ਕਾਬਲ ਸਿੰਘ ਆਦਿ ਨੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ।

# ਚੇਅਰਮੈਨ ਰੰਧਾਵਾ ਗੁ. ਗੁਰੂ ਕੀ ਬੇਰ ਸਾਹਿਬ ਸ਼ੁਕਰਾਨਾ ਕਰਨ ਪਹੁੰਚੇ



**ਚੌਕ ਮਹਿਤਾ,9 ਅਪ੍ਰੈਲ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪੰਜਾਬ ਸਰਕਾਰ ਵੱਲੋਂ ਸੁਖਦੇਵ ਸਿੰਘ ਰੰਧਾਵਾ ਜਿਨ੍ਹਾਂ ਨੂੰ ਪੀਏਡੀਬੀ ਬੈਂਕ ਬਾਬਾ ਬਕਾਲਾ ਦਾ ਚੇਅਰਮੈਨ ਨਿਯੁਕਤ ਕੀਤਾ। ਗਿਆ ਹੈ, ਗੁਰੂ ਘਰ ਦਾ ਸ਼ੁਕਰਾਨਾ ਕਰਨ ਲਈ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਪਾਤਸ਼ਾਹੀ ਛੇਵੀਂ ਬੋਪਾਰਾਏ ਮੱਤੇਵਾਲ ਵਿਖੇ ਪਹੁੰਚੇ ਜਿੱਥੇ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕਰਵਾਈ ਅਤੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੱਜਣ ਸਿੰਘ ਹੋਰਾਂ ਨੂੰ ਮਿਲ ਕੇ ਉਨ੍ਹਾਂ ਤੋਂ ਆਸ਼ੀਰਵਾਦ ਲਿਆ। ਇਸ ਮੌਕੇ ਗੱਲਬਾਤ ਕਰਦਿਆਂ ਸੁਖਦੇਵ ਸਿੰਘ ਰੰਧਾਵਾ ਨੇ ਕਿਹਾ ਕਿ ਉਹ ਪਾਰਟੀ ਹਾਈ ਕਮਾਂਡ ਅਤੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਦੇ ਬਹੁਤ ਰਿਣੀ ਹਨ ਜਿਨ੍ਹਾਂ ਨੇ ਉਨ੍ਹਾਂ ਨੂੰ ਇਹ ਅਹੁਦਾ ਦੇ ਕੇ ਲੋਕਾਂ ਦੀ ਸੇਵਾ ਕਰਨ ਦਾ ਮੌਕਾ ਦਿੱਤਾ ਹੈ ਅਤੇ ਉਹ ਇਸ ਸੇਵਾ ਨੂੰ ਬਹੁਤ ਹੀ ਤਨ ਦੇਹੀ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਦਰਵਾਜ਼ੇ ਲੋਕਾਂ ਦੀ ਸੇਵਾ ਲਈ ਹਰ ਵੇਲੇ ਖੁੱਲ੍ਹੇ ਹਨ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੱਜਣ ਸਿੰਘ ਨੇ ਸੁਖਦੀਪ ਸਿੰਘ ਰੰਧਾਵਾ ਤੇ ਉਨ੍ਹਾਂ ਦੇ ਸਾਥੀਆਂ ਨੂੰ ਵਧਾਈ ਦਿੰਦਿਆਂ ਸਰੋਪੇ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਧਾਨ ਅਜੀਤ ਸਿੰਘ, ਬਲਦੇਵ ਸਿੰਘ, ਪੰਚ ਪਰਗਟ ਸਿੰਘ, ਪ੍ਰਿੰਸੀਪਲ ਗੁਰਸੇਵਕ ਸਿੰਘ, ਬਲਰਾਜ ਸਿੰਘ ਰਾਜਾ, ਸੁਚਾ ਸਿੰਘ, ਬਾਬਾ ਜੱਸਾ ਸਿੰਘ, ਰਣਜੀਤ ਸਿੰਘ ਰਾਣਾ ਬਾਬੋਵਾਲ, ਜਗਰੂਪ ਸਿੰਘ ਬੋਪਾਰਾਏ, ਅਵਤਾਰ ਸਿੰਘ, ਮੇਜਰ ਸਿੰਘ, ਕੁਲਦੀਪ ਸਿੰਘ ਅਤੇ ਬਲਿਹਾਰ ਸਿੰਘ ਆਦਿ ਆਗੂ ਵੀ ਹਾਜ਼ਰ ਸਨ ।

# ਇਨਸਾਨੀਅਤ ਸੇਵਾ ਦਲ ਵੱਲੋਂ 31ਵੀਂ ਵਰ੍ਹੇਗੰਢ ਮਨਾਉਣ ਦੀਆਂ ਤਿਆਰੀਆਂ ਮੁਕੰਮਲ, ਨੀਲ ਕੰਠ ਮੰਦਰ ਵਿਖੇ ਹੋਣਗੇ ਵਿਸ਼ੇਸ਼ ਸਮਾਗਮ



**ਫ਼ਿਰੋਜ਼ਪੁਰ, 9 ਅਪ੍ਰੈਲ (ਮਨੋਹਰ ਲਾਲ)** :— ਸਮਾਜ ਸੇਵੀ ਕਾਰਜਾਂ ਵਿੱਚ ਹਮੇਸ਼ਾ ਮੋਹਰੀ ਰਹਿਣ ਵਾਲੀ ਸੰਸਥਾ ਇਨਸਾਨੀਅਤ ਸੇਵਾ ਦਲ ਵੱਲੋਂ ਆਪਣੀ 31ਵੀਂ ਵਰ੍ਹੇਗੰਢ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਸਥਾ ਦੇ ਆਗੂਆਂ ਨੇ ਦੱਸਿਆ ਕਿ ਪ੍ਰੋਗਰਾਮ ਦੀਆਂ ਅੰਤਿਮ ਤਿਆਰੀਆਂ ਨੂੰ ਲੈ ਕੇ ਇੱਕ ਅਹਿਮ ਮੀਟਿੰਗ ਪ੍ਰਧਾਨ ਸ਼੍ਰੀ ਰਮਨ ਵਧਵਾ ਦੀ ਪ੍ਰਧਾਨਗੀ ਹੇਠ ਸੰਪੰਨ ਹੋਈ। ਇਸ ਮੀਟਿੰਗ ਵਿੱਚ ਵਰ੍ਹੇਗੰਢ ਦੇ ਸਮਾਗਮਾਂ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਰੂਪ—ਰੇਖਾ ਤਿਆਰ ਕੀਤੀ ਗਈ ਅਤੇ ਵੱਖ—ਵੱਖ ਮੈਂਬਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ।

ਸੰਸਥਾ ਦੇ ਜਨਰਲ ਸਕੱਤਰ ਸ਼੍ਰੀ ਰਮੇਸ਼ ਸ਼ਰਮਾ ਨੇ ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਵਾਰ 31ਵੀਂ ਵਰ੍ਹੇਗੰਢ ਦੇ ਸਬੰਧ ਵਿੱਚ ਮੁੱਖ ਸਮਾਗਮ ਨੀਲ ਕੰਠ ਮੰਦਰ ਵਿਖੇ ਕਰਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ 18 ਅਪ੍ਰੈਲ 2026 ਨੂੰ ਸ੍ਰੀ ਰਮਾਇਣ ਜੀ ਦੇ ਪਾਠ ਰੱਖ ਕੇ ਧਾਰਮਿਕ ਸਮਾਗਮਾਂ ਦਾ ਆਗਾਜ਼ ਕੀਤਾ ਜਾਵੇਗਾ ਉਪਰੰਤ 19 ਅਪ੍ਰੈਲ ਨੂੰ ਸ੍ਰੀ ਰਮਾਇਣ ਜੀ ਦੇ ਪਾਠ ਦੇ ਭੋਗ ਪਾਏ ਜਾਣਗੇ। ਆਗੂਆਂ ਨੇ ਦੱਸਿਆ ਕਿ ਇਸ ਉਪਰੰਤ ਭਜਨ ਕੀਰਤਨ ਸਵੇਰੇ 11 ਵਜੇ ਤੋਂ ਦੁਪਹਿਰ 12:30 ਵਜੇ ਤੱਕ ਕੀਤੇ ਜਾਣਗੇ, ਜਿਸ ਵਿਚ ਵਿਸ਼ੇਸ਼ ਕੀਰਤਨ ਦਰਬਾਰ ਸਜਾਏ ਜਾਣਗੇ ਅਤੇ ਇਨ੍ਹਾਂ ਸਮਾਗਮਾਂ ਦੌਰਾਨ ਪੰਡਿਤ ਤ੍ਰਿਪਾਠੀ ਸ਼ਿਵਾਲੇ ਮੰਦਰ ਵਾਲੇ ਆਪਣੇ ਸੁਰੀਲੇ ਭਜਨਾਂ ਅਤੇ ਕੀਰਤਨ ਰਾਹੀਂ ਆਈ ਸੰਗਤ ਨੂੰ ਮੰਤਰ—ਮੁਗਧ ਕਰਨਗੇ। ਉਨ੍ਹਾਂ ਦੱਸਿਆ ਕਿ ਸਮਾਗਮਾਂ ਦੇ ਅਖੀਰ ਵਿਚ ਆਈ ਸੰਗਤ ਲਈ ਲੰਗਰ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇਗਾ। ਮੀਟਿੰਗ ਦੌਰਾਨ ਪ੍ਰਧਾਨ ਰਮਨ ਵਧਵਾ ਨੇ ਕਿਹਾ ਕਿ ਇਨਸਾਨੀਅਤ ਸੇਵਾ ਦਲ ਪਿਛਲੇ ਤਿੰਨ ਦਹਾਕਿਆਂ ਤੋਂ ਮਨੁੱਖਤਾ ਦੀ ਸੇਵਾ ਵਿੱਚ ਜੁਟਿਆ ਹੋਇਆ ਹੈ ਅਤੇ ਇਹ ਵਰ੍ਹੇਗੰਢ ਸੰਸਥਾ ਦੇ ਸੇਵਾਦਾਰਾਂ ਦੇ ਸਮਰਪਣ ਦਾ ਪ੍ਰਤੀਕ ਹੈ। ਉਨ੍ਹਾਂ ਸਮੂਹ ਇਲਾਕੇ ਦੀ ਸੰਗਤ ਨੂੰ ਇਨ੍ਹਾਂ ਧਾਰਮਿਕ ਸਮਾਗਮਾਂ ਵਿਚ ਸ਼ਿਰਕਤ ਕਰਕੇ ਪ੍ਰਭੂ ਦੇ ਗੁਣਗਾਣ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਭਜਨ ਕਰਨ ਨਾਲ ਮਨੁੱਖਾ ਜੀਵਨ ਸਫਲਾ ਹੁੰਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਦਿੱਲੀ ਤੋਂ 409 ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਵਿਖੇ

# ਗੁਰਧਾਮਾਂ ਦੇ ਦਰਸ਼ਨਾਂ ਲਈ ਹੋਇਆ ਰਵਾਨਾ





**ਨਵੀਂ ਦਿੱਲੀ, 9 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ)**-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਵਾਰ ਵੀ ਖਾਲਸਾ ਸਾਜਣਾ ਦਿਵਸ ਵਿਸਾਖੀ ਦੇ ਮੌਕੇ 'ਤੇ ਦਿੱਲੀ ਦੀ ਸੰਗਤ ਨੂੰ ਪਾਕਿਸਤਾਨ ਦੇ ਗੁਰਧਾਮਾਂ ਦੇ ਦਰਸ਼ਨ ਕਰਵਾਉਣ ਲਈ 409 ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਲਈ ਭੇਜਿਆ ਗਿਆ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਜਥੇ ਵਿੱਚ ਜਾਣ ਵਾਲੇ ਸ਼ਰਧਾਲੂਆਂ ਨੂੰ ਵਧਾਈ ਦਿੱਤੀ। ਗੁਰਦੁਆਰਾ ਰਕਾਬ ਗੰਜ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਦਿਲਬਾਗ ਸਿੰਘ ਵੱਲੋਂ ਅਰਦਾਸ ਕੀਤੀ ਗਈ। ਦਿੱਲੀ ਦੇ ਗੁਰਦੁਆਰਾ ਰਕਾਬ ਗੰਜ ਸਾਹਿਬ ਵਿੱਚ ਦਿੱਲੀ ਗੁਰਦੁਆਰਾ ਕਮੇਟੀ ਦੇ ਸਕੱਤਰ ਜਗਦੀਪ ਸਿੰਘ ਕਾਹਲੋਂ ਅਤੇ ਵਿਦੇਸ਼ ਮਾਮਲਿਆਂ ਦੇ ਸਲਾਹਕਾਰ ਪਰਮਜੀਤ ਸਿੰਘ ਚੰਡੋਕ ਨੇ ਖਾਸ ਤੌਰ 'ਤੇ ਪਹੁੰਚ ਕੇ ਜਥੇ ਨੂੰ ਰਵਾਨਾ ਕੀਤਾ। ਇਸ ਮੌਕੇ 'ਤੇ ਦਿੱਲੀ ਕਮੇਟੀ ਦੇ ਮੀਡੀਆ ਸਲਾਹਕਾਰ ਸੁਦੀਪ ਸਿੰਘ, ਗੁਰਦੁਆਰਾ ਰਕਾਬ ਗੰਜ ਸਾਹਿਬ ਦੇ ਚੇਅਰਮੈਨ ਸਤਨਾਮ ਸਿੰਘ ਜੱਗਾ ਸਮੇਤ ਕਈ ਸਨਮਾਨਿਤ ਸ਼ਖਸੀਅਤਾਂ ਮੌਜੂਦ ਸਨ । ਸਰਦਾਰ ਹਰਮੀਤ ਸਿੰਘ ਕਾਲਕਾ ਅਤੇ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਕੁੱਲ 2840 ਸ਼ਰਧਾਲੂ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਜਥੇ ਵਿੱਚ ਸ਼ਾਮਲ ਹਨ, ਜਦਕਿ ਦਿੱਲੀ ਤੋਂ 409 ਸ਼ਰਧਾਲੂਆਂ ਦਾ ਜਥਾ ਅੱਜ ਸ੍ਰੀ ਅੰਮ੍ਰਿਤਸਰ ਲਈ ਰਵਾਨਾ ਹੋ ਗਿਆ ਹੈ। ਕੱਲ੍ਹ 10 ਤਾਰੀਖ ਨੂੰ ਸਵੇਰੇ ਸਾਰੇ ਸ਼ਰਧਾਲੂ ਵਾਘਾ ਬਾਰਡਰ ਰਾਹੀਂ ਪਾਕਿਸਤਾਨ ਵਿੱਚ ਦਾਖਲ ਹੋਣਗੇ ਅਤੇ ਗੁਰਦੁਆਰਾ ਪੰਜਾ ਸਾਹਿਬ ਵਿੱਚ ਖਾਲਸਾ ਸਾਜਣਾ ਦਿਵਸ ਵਿਸਾਖੀ ਦਾ ਤਿਉਹਾਰ ਮਨਾਕੇ 19 ਅਪ੍ਰੈਲ ਨੂੰ ਵਾਪਸ ਭਾਰਤ ਪਰਤਣਗੇ।

ਉਨ੍ਹਾਂ ਨੇ ਦੱਸਿਆ ਕਿ ਦਿੱਲੀ ਕਮੇਟੀ ਦੇ ਮੈਂਬਰ ਹਰਜੀਤ ਸਿੰਘ ਪੱਪਾ ਅਤੇ ਅਨੂਪ ਸਿੰਘ ਘੁੰਮਣ ਨੂੰ ਜਥੇ ਦਾ ਇੰਚਾਰਜ ਬਣਾ ਕੇ ਭੇਜਿਆ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਪਿਛਲੀ ਵਾਰ ਸ਼ਿਰੋਮਣੀ ਕਮੇਟੀ ਦੇ ਜਥੇ ਵਿੱਚੋਂ ਇੱਕ ਮਹਿਲਾ ਦੇ ਵੱਖ ਹੋਣ ਦੀ ਘਟਨਾ ਤੋਂ ਸਬਕ ਲੈਂਦੇ ਹੋਏ ਇਸ ਵਾਰ ਦਿੱਲੀ ਕਮੇਟੀ ਨੇ ਸਾਰੇ ਸ਼ਰਧਾਲੂਆਂ ਦੀ ਪੂਰੀ ਜਾਂਚ ਤੋਂ ਬਾਅਦ ਹੀ ਵੀਜ਼ਾ ਲਈ ਭੇਜਿਆ ਸੀ। ਜਿਨ੍ਹਾਂ ਨੂੰ ਵੀਜ਼ਾ ਨਹੀਂ ਮਿਲ ਸਕਿਆ, ਉਨ੍ਹਾਂ ਲਈ ਅਰਦਾਸ ਕਰਦੇ ਹਾਂ ਕਿ ਅਗਲੀ ਵਾਰ ਜਥੇ ਵਿੱਚ ਉਨ੍ਹਾਂ ਨੂੰ ਦਰਸ਼ਨਾਂ ਦੀ ਮਨਜ਼ੂਰੀ ਮਿਲ ਸਕੇ। ਸਰਦਾਰ ਹਰਮੀਤ ਸਿੰਘ ਕਾਲਕਾ ਅਤੇ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਖਾਸ ਧੰਨਵਾਦ ਕੀਤਾ, ਜਿਨ੍ਹਾਂ ਨੇ ਸਿੱਖਾਂ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ ਦੋਨਾਂ ਦੇਸ਼ਾਂ ਵਿੱਚ ਤਣਾਅਪੂਰਨ ਮਾਹੌਲ ਦੇ ਬਾਵਜੂਦ ਸਿੱਖ ਸ਼ਰਧਾਲੂਆਂ ਨੂੰ ਗੁਰਦੁਆਰਿਆਂ ਦੇ ਦਰਸ਼ਨ ਲਈ ਪਾਕਿਸਤਾਨ ਜਾਣ ਦੀ ਮਨਜ਼ੂਰੀ ਦਿੱਤੀ ਹੈ।

### ਖਾਲਸਾ ਸਾਜਨਾ ਦਿਵਸ ਮੇਲੇ ਦੀਆਂ

# ਤਿਆਰੀਆਂ ਸਬੰਧੀ ਸਿਹਤ ਵਿਭਾਗ ਵੱਲੋਂ ਵਿਸ਼ੇਸ਼ ਉਪਰਾਲੇ



ਤਲਵੰਡੀ ਸਾਬੋ, 09 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)- ਸਿਵਲ ਸਰਜਨ ਬਠਿੰਡਾ ਡਾ. ਤਪਿੰਦਰਜੋਤ ਕੌਸ਼ਲ ਦੇ ਹੁਕਮਾਂ ਅਤੇ ਸੀਨੀਅਰ ਮੈਡੀਕਲ ਅਫ਼ਸਰ ਤਲਵੰਡੀ ਸਾਬੋ ਡਾ. ਰਵੀ ਕਾਂਤ ਗੁਪਤਾ ਦੇ ਦਿਸ਼ਾ ਨਿਰਦੇਸ਼ ਅਨੁਸਾਰ ਆਉਣ ਵਾਲੇ ਖਾਲਸਾ ਸਾਜਨਾ ਦਿਵਸ ਮੇਲੇ ਨੂੰ ਧਿਆਨ ਵਿੱਚ ਰੱਖਦਿਆਂ ਸਿਹਤ ਵਿਭਾਗ ਵੱਲੋਂ ਇਲਾਕੇ ਵਿੱਚ ਵਿਆਪਕ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। 4 ਅਪ੍ਰੈਲ ਤੋਂ ਲੈ ਕੇ ਤਖ਼ਤ ਸਾਹਿਬ ਅਤੇ ਇਸਦੇ ਆਲੇ-ਦੁਆਲੇ ਦੇ ਗੁਰੂ ਘਰਾਂ, ਸਕੂਲਾਂ, ਮਸਜਿਦਾਂ ਅਤੇ ਸਰਕਾਰੀ ਅਦਾਰਿਆਂ ਵਿੱਚ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ ਲਈ ਵਿਸ਼ੇਸ਼ ਟੀਮਾਂ ਕੰਮ ਕਰ ਰਹੀਆਂ ਹਨ। ਇਸ ਦੌਰਾਨ ਫੌਗਿੰਗ, ਪਾਣੀ ਦੀ ਕਲੋਰੀਨੇਸ਼ਨ ਅਤੇ ਪਾਣੀ ਦੇ ਸੈਂਪਲ ਇਕੱਠੇ ਕਰਨ ਦੇ ਕੰਮ ਜਾਰੀ ਹਨ। ਨਾਲ ਹੀ ਡੇਂਗੂ ਅਤੇ ਮਲੇਰੀਆ ਤੋਂ ਬਚਾਅ ਲਈ ਆਰ.ਡੀ.ਟੀ. ਟੈਸਟਿੰਗ ਵੀ ਕੀਤੀ ਜਾ ਰਹੀ ਹੈ ਤਾਂ ਜੋ ਕਿਸੇ ਵੀ ਬਿਮਾਰੀ ਨੂੰ ਸਮੇਂ ਸਿਰ ਕਾਬੂ ਕੀਤਾ ਜਾ ਸਕੇ। ਇਨ੍ਹਾਂ ਗਤੀਵਿਧੀਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਿਹਤ ਵਿਭਾਗ ਦੀ ਟੀਮ ਵਿੱਚ ਐਸ.ਆਈ. ਬੰਤ ਸਿੰਘ, ਕਰਮਜੀਤ ਸਿੰਘ, ਕੁਲਦੀਪ ਸਿੰਘ, ਗੁਰਮੀਤ ਸਿੰਘ, ਐਮ.ਪੀ.ਐਚ.ਡਬਲਿਊ (ਮੇਲ) ਕੁਲਦੀਪ ਸਿੰਘ ਕਮਾਲੂ, ਕੁਲਦੀਪ ਸਿੰਘ ਬਹਿਮਣ, ਜਗਸੀਰ ਸਿੰਘ ਭਾਗੀਵਾਂਦਰ, ਜਗਸੀਰ ਸਿੰਘ ਲੇਲੇਵਾਲਾ, ਕੁਲਦੀਪ ਕੁਮਾਰ, ਧਰਮਿੰਦਰ ਕੁਮਾਰ, ਸ਼ਿਵਚਰਨ ਸਿੰਘ, ਭਰਪੂਰ ਸਿੰਘ, ਮਨਪ੍ਰੀਤ ਸਿੰਘ, ਜਸਪਾਲ ਸਿੰਘ, ਗੁਰਦੀਪ ਸਿੰਘ, ਸ਼ਗਨਜੀਤ ਸਿੰਘ, ਚੰਦ ਸਿੰਘ, ਰਾਕੇਸ਼ ਕੁਮਾਰ, ਜਸਕਰਨ ਸਿੰਘ, ਹਰਪਾਲ ਸਿੰਘ ਗਿਆਨਾ, ਅਮਨਦੀਪ ਸਿੰਘ ਅਤੇ ਗੁਰਪ੍ਰੀਤ ਸਿੰਘ ਲਾਲੀ ਸ਼ਾਮਲ ਹਨ। ਇਸ ਤੋਂ ਇਲਾਵਾ ਬਰੀਡ ਚੈਕਰਾਂ ਅਤੇ ਐਮ.ਪੀ.ਐਚ.ਐਸ (ਫੀਮੇਲ), ਐਮ.ਪੀ.ਐਚ.ਡਬਲਿਊ (ਫੀਮੇਲ) ਵੱਲੋਂ ਇਲਾਕੇ ਵਿੱਚ ਸਰਵੇ ਵੀ ਕੀਤਾ ਗਿਆ ਹੈ, ਜਿਸ ਨਾਲ ਸੰਭਾਵਿਤ ਬਿਮਾਰੀਆਂ ਦੇ ਫੈਲਾਅ ਨੂੰ ਰੋਕਣ ਵਿੱਚ ਮਦਦ ਮਿਲੇਗੀ। ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਸਫ਼ਾਈ ਬਣਾਈ ਰੱਖਣ ਅਤੇ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਨ, ਤਾਂ ਜੋ ਖਾਲਸਾ ਸਾਜਨਾ ਦਿਵਸ ਮੇਲਾ ਸੁਖਮਈ ਅਤੇ ਸੁਰੱਖਿਅਤ ਢੰਗ ਨਾਲ ਮਨਾਇਆ ਜਾ ਸਕੇ।

## ਸ੍ਰੀ ਗੁਰੂ ਗ੍ਰੰਥ ਸਾਹਿਬ ਵਿਰੁੱਧ ਅਪਸ਼ਬਦ ਬੋਲਣ ਵਾਲੇ ਠਾਕਰ ਦਲੀਪ ਸਿੰਘ ਵਿਰੁੱਧ ਡਟੀਆਂ ਸਿੱਖ ਜਥੇਬੰਦੀਆਂ ਨੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਨੂੰ ਦਿੱਤੇ ਮੰਗ ਪੱਤਰ







**ਫ਼ਿਰੋਜ਼ਪੁਰ, 09 ਅਪ੍ਰੈਲ (ਮਨੋਹਰ ਲਾਲ)** :— ਸਮਾਗਮਾਂ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿਚ ਸਿੱਖ ਧਰਮ ਪ੍ਰਤੀ ਅਪਸ਼ਬਦ ਬੋਲਣ ਵਾਲੇ ਠਾਕਰ ਦਲੀਪ ਸਿੰਘ ਵਿਰੁੱਧ ਆਵਾਜ਼ ਬੁਲੰਦ ਕਰਦਿਆਂ ਲਖਵੀਰ ਸਿੰਘ ਮਹਾਲਮ ਸਰਪ੍ਰਸਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਪੰਜਾਬ ਅਤੇ ਸਮੂਹ ਸਿੱਖ ਜਥੇਬੰਦੀਆਂ ਨੇ ਮੁੱਖ ਮੰਤਰੀ ਪੰਜਾਬ, ਡੀ.ਜੀ.ਪੀ ਪੰਜਾਬ ਪੁਲਿਸ ਅਤੇ ਪੁਲਿਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਵਿਰੁੱਧ ਬਿਨ੍ਹਾਂ ਦੇਰੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਗੱਲਬਾਤ ਕਰਦਿਆਂ ਆਗੂਆਂ ਨੇ ਕਿਹਾ ਕਿ 8 ਮਾਰਚ ਨੂੰ ਠਾਕਰ ਦਲੀਪ ਸਿੰਘ ਨੇ ਹਰਿਆਣਾ ਦੇ ਪਿੰਡ ਜੀਵਨ ਨਗਰ ਵਿਚ ਚੱਲਦੇ ਸਮਾਗਮ ਦੌਰਾਨ ਵਿਦੇਸ਼ ਤੋਂ ਲਾਈਵ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਇਹ ਗੱਲ ਆਖੀ ਕਿ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰੂ ਨਹੀਂ ਹੈ ਅਤੇ ਇਕ ਕਿਤਾਬ ਹੈ ਅਤੇ ਸ਼ਬਦ ਗੁਰੂ ਨਹੀਂ ਹੋ ਸਕਦਾ। ਗੱਲਬਾਤ ਕਰਦਿਆਂ ਲਖਵੀਰ ਸਿੰਘ ਨੇ ਕਿਹਾ ਕਿ ਉਕਤ ਠਾਕਰ ਦਲੀਪ ਸਿੰਘ ਮਾਨਯੋਗ ਅਦਾਲਤ ਵੱਲੋਂ ਪਗੌੜਾ ਦੋਸ਼ੀ ਹੈ ਅਤੇ ਉਸ ਤੇ ਆਪਣੇ ਹੀ ਮੁਖੀ ਦੇ ਕਤਲ ਦੇ ਦੋਸ਼ ਲੱਗੇ ਹੋਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਸਾਰੀ ਮਨੁੱਖਤਾ ਦਾ ਗੁਰੂ ਹੈ ਅਤੇ ਠਾਕਰ ਦਲੀਪ ਸਿੰਘ ਵੱਲੋਂ ਇਹ ਗੱਲਾਂ ਬੋਲਣ ਤੇ ਸਾਰੀ ਕੌਮ ਦੇ ਹਿਰਦੂ ਵਲੂੰਧਰੇ ਗਏ ਹਨ। ਫ਼ਿਰੋਜ਼ਪੁਰ ਦੀਆਂ ਸਮੂਹ ਸਿੱਖ ਜਥੇਬੰਦੀਆਂ, ਕਿਸਾਨ ਜਥੇਬੰਦੀਆਂ ਅਤੇ ਸਮਾਜ ਸੇਵੀ ਜਥੇਬੰਦੀਆਂ ਨੇ ਮੰਗ ਕੀਤੀ ਕਿ ਦੋਸ਼ੀ ਠਾਕਰ ਦਲੀਪ ਸਿੰਘ ਦੇ ਖਿਲਾਫ ਤੁਰੰਤ ਪਰਚਾ ਦਰਜ ਕੀਤਾ ਜਾਵੇ ਅਤੇ ਇਸ ਨੂੰ ਕਾਨੂੰਨ ਮੁਤਾਬਿਕ ਸਜਾ ਦਿੱਤੀ ਜਾਵੇ। ਗੱਲਬਾਤ ਕਰਦਿਆਂ ਲਖਵੀਰ ਸਿੰਘ ਮਹਾਲਮ ਨੇ ਇਹ ਵੀ ਦੱਸਿਆ ਕਿ ਠਾਕਰ ਦਲੀਪ ਸਿੰਘ ਦੇ ਖਿਲਾਫ ਕਾਰਵਾਈ ਕਰਵਾਉਣ ਲਈ ਪੰਜਾਂ ਤਖਤਾਂ ਦੇ ਜਥੇਦਾਰ ਸਾਹਿਬਾਨ ਨੂੰ ਮੰਗ ਪੱਤਰ ਵੀ ਭੇਜੇ ਗਏ ਹਨ ਕਿ ਇਨ੍ਹਾਂ ਦੇ ਡੇਰੇ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਲਿਆਂਦੇ ਜਾਣ ਅਤੇ ਇਨ੍ਹਾਂ ਕੂਕਿਆਂ ਦਾ ਸਮਾਜਿਕ ਅਤੇ ਧਾਰਮਿਕ ਬਾਈਕਾਟ ਕੀਤਾ ਜਾਵੇ। ਇਸ ਮੌਕੇ ਤੇ ਇੰਟਰਨੈਸ਼ਨਲ ਪੰਥਕ ਦਲ ਦੇ ਮੁਖੀ ਬਾਬਾ ਸਤਨਾਮ ਸਿੰਘ ਵੱਲੀਆ, ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਦੇ ਭਾਈ ਜ਼ਸਪਾਲ ਸਿੰਘ, ਏਕਨੂਰ ਖਾਲਸਾ ਫੌਜ਼ ਦੇ ਜ਼ਿਲ੍ਹਾ ਪ੍ਰਧਾਨ ਲਖਬੀਰ ਸਿੰਘ, ਬਾਬਾ ਬੁੱਢਾ ਸਾਹਿਬ ਗ੍ਰੰਥੀ ਪਾਠੀ ਸਭਾ ਦੇ ਭਾਈ ਅਵਤਾਰ ਸਿੰਘ, ਕਲਗੀਧਰ ਅੰਮ੍ਰਿਤ ਸੰਚਾਰ ਦੇ ਮੁਖੀ ਭਾਈ ਬਲਕਾਰ ਸਿੰਘ, ਸੰਤੋਖ ਸਿੰਘ ਖਾਲਸਾ ਜ਼ਿਲ੍ਹਾ ਪ੍ਰਧਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਕਮੇਟੀ, ਉਡੀਕ ਸਿੰਘ ਕੁੰਡੇ ਅਤੇ ਹੋਰ ਪੰਥਕ ਆਗੂ, ਕਿਸਾਨ ਜਥੇਬੰਦੀਆਂ ਅਤੇ ਸਮਾਜ ਸੇਵੀ ਮੌਜੂਦ ਸਨ।

## ਮਾਮਲਾ ਇੱਕੋ ਪਰਿਵਾਰ ਦੇ ਪੰਜ ਨੌਜਵਾਨਾਂ ਦੀ ਨਸ਼ੇ ਨਾਲ ਹੋਈ ਮੌਤ ਦਾ : ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦਾ ਨਿਕਲਿਆ ਜਨਾਜ਼ਾ : ਗੁਰਦੀਪ ਸਿੰਘ ਭੰਡਾਲ

# ਹਲਕਾ ਇੰਚਾਰਜ ਤੇ ਮੌਜੂਦਾ ਐਮ ਐਲ ਏ ਤੇ ਤੁਰੰਤ ਪਰਚਾ ਦਰਜ ਕਰਨ ਦੀ ਮੰਗ



**ਸੁਲਤਾਨਪੁਰ ਲੋਧੀ 9 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਨਸ਼ਿਆਂ ਦੇ ਖ਼ਾਤਮੇ ਦੇ ਵਾਅਦਿਆਂ 'ਤੇ ਭਾਰੀ ਬਹੁਮਤ ਨਾਲ ਸੱਤਾ ਵਿੱਚ ਆਈ ਆਪ ਸਰਕਾਰ ਅੱਜ ਗੰਭੀਰ ਸਵਾਲਾਂ ਦੇ ਘੇਰੇ ਵਿੱਚ ਹੈ। ਚਾਰ ਸਾਲਾਂ ਦੇ ਲਗਭਗ ਸਮੇਂ ਬਾਅਦ ਵੀ ਪੰਜਾਬ ਵਿੱਚ ਨਸ਼ਾਖੋਰੀ ਰੁਕਣ ਦੀ ਬਜਾਏ ਹੋਰ ਵਧ ਰਹੀ ਹੈ, ਜਿਸ ਕਰਕੇ ਹਰ ਰੋਜ਼ ਮਾਵਾਂ ਦੇ ਪੁੱਤ ਮੌਤ ਦੇ ਮੂੰਹ ਵਿੱਚ ਧੱਕੇ ਜਾ ਰਹੇ ਹਨ। ਮਾਵਾਂ ਨੂੰ ਨਾ ਕੋਈ ਮਾਲੀ ਮਦਦ ਚਾਹੀਦੀ ਹੈ ਤੇ ਨਾ ਹੀ ਖੈਰਾਤ—ਉਹਨਾਂ ਨੂੰ ਸਿਰਫ਼ ਆਪਣੇ ਪੁੱਤਾਂ ਦੀ ਜ਼ਿੰਦਗੀ ਵਾਪਸ ਚਾਹੀਦੀ ਹੈ। ਜੇ ਨੌਜਵਾਨ ਸਿਹਤਮੰਦ ਹੋਣਗੇ ਤਾਂ ਉਹ ਆਪਣੇ ਪੈਰਾਂ 'ਤੇ ਖੜ੍ਹ ਕੇ ਘਰ ਚਲਾ ਸਕਦੇ ਹਨ ਅਤੇ ਸਰਕਾਰ ਵੱਲ ਦੇਖਣ ਦੀ ਲੋੜ ਨਹੀਂ ਪਵੇਗੀ। ਇਹ ਵਿਚਾਰ ਅਕਾਲੀ ਦਲ ਵਾਰਿਸ ਪੰਜਾਬ ਦੇ ਦੇ ਜ਼ਿਲ੍ਹਾ ਪ੍ਰਧਾਨ ਗੁਰਦੀਪ ਸਿੰਘ ਭੰਡਾਲ ਨੇ ਸੁਲਤਾਨਪੁਰ ਲੋਧੀ ਵਿੱਚ ਲਗਾਤਾਰ ਵਧ ਰਹੀਆਂ ਨਸ਼ਿਆਂ ਨਾਲ ਮੌਤਾਂ 'ਤੇ ਗਹਿਰੀ ਚਿੰਤਾ ਜਤਾਉਂਦਿਆਂ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੱਕ ਮਾਵਾਂ ਦੇ ਵੈਣ ਨਹੀਂ ਪਹੁੰਚ ਰਹੇ, ਕਿਉਂਕਿ ਜਦੋਂ ਇੱਕੋ ਘਰ ਦੇ ਪੰਜ ਨੌਜਵਾਨ ਨਸ਼ੇ ਦੀ ਭੇਟ ਚੜ੍ਹ ਰਹੇ ਹੋਣ, ਤਾਂ ਇਹ ਸਰਕਾਰ ਦੀ ਪੂਰੀ ਤਰ੍ਹਾਂ ਨਾਕਾਮੀ ਦਾ ਸਪੱਸ਼ਟ ਸਬੂਤ ਹੈ ਉਨ੍ਹਾਂ ਦੱਸਿਆ ਕਿ ਸੁਲਤਾਨਪੁਰ ਲੋਧੀ ਦੇ ਮਹੁੱਲਾ ਪੰਡੋਰੀ ਵਿੱਚ ਇੱਕੋ ਪਰਿਵਾਰ ਦੇ ਪੰਜ ਪੁੱਤਰ ਨਸ਼ਿਆਂ ਕਾਰਨ ਆਪਣੀ ਜਾਨ ਗੁਆ ਚੁੱਕੇ ਹਨ। ਇਹ ਦਿਲ ਦਹਿਲਾ ਦੇਣ ਵਾਲੀ ਘਟਨਾ ਸਰਕਾਰ ਦੀ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਦੀ ਹਕੀਕਤ ਬਿਆਨ ਕਰਦੀ ਹੈ, ਜਿਸਦਾ ਅੱਜ ਜਨਾਜ਼ਾ ਨਿਕਲਦਾ ਨਜ਼ਰ ਆ ਰਿਹਾ ਹੈ। ਭੰਡਾਲ ਨੇ ਦੱਸਿਆ ਕਿ ਪੀੜਤ ਮਾਤਾ ਮਨਜੀਤ ਕੌਰ ਨਾਲ ਗੱਲਬਾਤ ਦੌਰਾਨ ਸਾਹਮਣੇ ਆਇਆ ਕਿ ਪਰਿਵਾਰ ਪਹਿਲਾਂ ਵੀ ਕਰਜ਼ਾ ਲੈ ਕੇ ਲਗਭਗ ਸੱਤ ਲੱਖ ਰੁਪਏ ਇਲਾਜ 'ਤੇ ਖਰਚ ਕਰ ਚੁੱਕਾ ਹੈ। ਹੁਣ ਘਰ ਦੀ ਆਰਥਿਕ ਹਾਲਤ ਇਤਨੀ ਮਾੜੀ ਹੈ ਕਿ ਛੋਟੇ ਬੱਚਿਆਂ ਦੇ ਦੁੱਧ ਲਈ ਵੀ ਪੈਸੇ ਨਹੀਂ ਬਚੇ। ਵੀਡੀਓ ਵਾਇਰਲ ਹੋਣ ਤੋਂ ਬਾਅਦ ਹੀ ਜ਼ਿਲ੍ਹਾ ਪ੍ਰਸ਼ਾਸਨ ਨੀਂਦ ਤੋਂ ਜਾਗਿਆ ਅਤੇ ਮੁੱਖ ਮੰਤਰੀ ਵੱਲੋਂ ਵੀਡੀਓ ਕਾਨਫਰੰਸਿੰਗ ਰਾਹੀਂ ਮਾਤਾ ਨਾਲ ਗੱਲ ਕਰਕੇ ਇਲਾਜ ਦਾ ਭਰੋਸਾ ਦਿੱਤਾ ਗਿਆ, ਜਿਸ ਉਪਰੰਤ ਪੀੜਤ ਨੌਜਵਾਨ ਨੂੰ ਅੰਮ੍ਰਿਤਸਰ ਦੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਪ੍ਰੰਤੂ ਉਹ ਵੀ ਸਹੀ ਦੇਖਭਾਲ ਨਾਂ ਹੋਣ ਕਾਰਨ ਚੱਲ ਵੱਸਿਆ। ਭਾਈ ਭੰਡਾਲ ਨੇ ਦੋਸ਼ ਲਗਾਇਆ ਕਿ ਪੁਲਿਸ ਪ੍ਰਸ਼ਾਸਨ ਨਸ਼ਾ ਤਸਕਰਾਂ 'ਤੇ ਕਾਰਵਾਈ ਕਰਨ ਦੀ ਬਜਾਏ ਪਰਿਵਾਰ ਨੂੰ ਹੀ ਗ਼ਲਤ ਸਾਬਤ ਕਰਨ ਵਿੱਚ ਜ਼ਿਆਦਾ ਰੁਚੀ ਦਿਖਾ ਰਿਹਾ ਹੈ। ਉਨ੍ਹਾਂ ਸਵਾਲ ਕੀਤਾ ਕਿ ਜਦ ਥਾਣੇ ਅਤੇ ਡੀਐਸਪੀ ਦਫ਼ਤਰ ਦੇ ਨੇੜੇ ਹੀ ਨਸ਼ਾ ਖੁੱਲ੍ਹੇਆਮ ਵਿਕ ਰਿਹਾ ਹੈ, ਤਾਂ ਇਹ ਕਿਸ ਦੀ ਸਹਿਮਤੀ ਨਾਲ ਹੋ ਰਿਹਾ ਹੈ? ਕੀ ਇਸ ਦੇ ਪਿੱਛੇ ਕਿਸੇ ਰਾਜਨੀਤਿਕ ਸਰਪ੍ਰਸਤੀ ਦਾ ਹੱਥ ਹੈ ? ਅਖੀਰ ਵਿੱਚ ਗੁਰਦੀਪ ਸਿੰਘ ਭੰਡਾਲ ਨੇ ਮੰਗ ਕੀਤੀ ਕਿ ਇਸ ਗੰਭੀਰ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਕੇ ਹਲਕਾ ਇੰਚਾਰਜ ਸੱਜਣ ਸਿੰਘ ਚੀਮਾ ਅਤੇ ਮੌਜੂਦਾ ਐਮ ਐਲ ਏ ਰਾਣਾ ਇੰਦਰ ਪ੍ਰਤਾਪ ਸਿੰਘ ਖ਼ਿਲਾਫ਼ ਤੁਰੰਤ ਪਰਚਾ ਦਰਜ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸੱਤਾਧਾਰੀ ਨੇਤਾਵਾਂ ਦੀ ਸ਼ਿਹ ਤੋਂ ਬਿਨਾਂ ਇਲਾਕੇ ਵਿੱਚ ਅਜਿਹਾ ਗੈਰਕਾਨੂੰਨੀ ਕਾਰੋਬਾਰ ਸੰਭਵ ਨਹੀਂ। ਇਸ ਮੌਕੇ ਹਲਕਾ ਸੇਵਾਦਾਰ ਬੋਹੜ ਸਿੰਘ ਹਜਾਰਾ, ਸੁਖਦੇਵ ਸਿੰਘ ਖੀਰਾਂਵਾਲੀ, ਹਰਪਾਲ ਸਿੰਘ ਸੁਲਤਾਨਪੁਰ ਲੋਧੀ ਆਦਿ ਵੀ ਮੌਜੂਦ ਸਨ।

ਸਿੱਖ ਨੌਜਵਾਨਾਂ ਨੂੰ ਨਾਜਾਇਜ਼ ਕੈਦ ਕਰਕੇ ਉਹਨਾਂ ਦੇ ਪਰਿਵਾਰਾਂ ਨੂੰ ਤਬਾਹ ਕਰ ਰਹੀਆਂ ਹਨ ਸਰਕਾਰਾਂ, ਇਤਿਹਾਸ ਮਾਫ਼ ਨਹੀਂ ਕਰੇਗਾ : ਪੱਧਰੀ ਅਤੇ ਡੱਡੂਆਣਾਂ

# ਪੁੱਤਰਾਂ ਦੀ ਉਡੀਕ ਕਰਦੇ ਮਾਪੇ ਕਰ ਰਹੇ ਹਨ ਦੁੱਖਾਂ ਦਾ ਸਾਹਮਣਾਂ ਪਰ ਸਰਕਾਰਾਂ ਖਾਮੋਸ਼

**ਅੰਮ੍ਰਿਤਸਰ, 9 ਮਾਰਚ (ਆਵਾਜ਼ਿ ਕੌਮ ਬਿਊਰੋ)**-ਅੱਜ ਅਕਾਲੀ ਦਲ ਵਾਰਿਸ ਪੰਜਾਬ ਦੇ ਮੀਡੀਆ ਇੰਚਾਰਜ ਭਾਈ ਸ਼ਮਸ਼ੇਰ ਸਿੰਘ ਪੱਧਰੀ ਅਤੇ ਜਿਲਾ ਅੰਮ੍ਰਿਤਸਰ ਦੇ ਸ਼ਹਿਰੀ ਪ੍ਰਧਾਨ ਭਾਈ ਅਮਨਦੀਪ ਸਿੰਘ ਡੱਡੂਆਣਾਂ ਵੱਲੋਂ ਅੰਮ੍ਰਿਤਸਰ ਦੇ ਪ੍ਰਕਾਸ਼ ਹਸਪਤਾਲ ਵਿੱਚ ਦਾਖ਼ਲ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਦੇ ਸਾਥੀ ( ਨਜ਼ਰਬੰਦ ਜੇਲ ਫਰੀਦਕੋਟ ) ਭਾਈ ਹਰਮੇਲ ਸਿੰਘ ਯੋਧੇ ਦੇ ਪਿਤਾ ਜੀ ਦੀ ਸਿਹਤ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਉਨ੍ਹਾਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕਰਦੇ ਹੋਏ ਦਿਲਾਸਾ ਦਿੱਤਾ ਅਤੇ ਹਰ ਸੰਭਵ ਮਦਦ ਦਾ ਭਰੋਸਾ ਦਿਵਾਇਆ। ਇਕ ਸਾਂਝੇ ਬਿਆਨ ਵਿੱਚ ਭਾਈ ਡੱਡੂਆਣਾਂ ਅਤੇ ਭਾਈ ਪੱਧਰੀ ਨੇ ਕਿਹਾ ਕਿ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਨਾਲ ਨਜ਼ਰਬੰਦ ਸਿੰਘਾਂ ਦੇ ਪਰਿਵਾਰਾਂ ਨਾਲ ਜੋ ਕੁਝ ਹੋ ਰਿਹਾ ਹੈ, ਉਹ ਸਿਰਫ ਇੱਕ ਪਰਿਵਾਰ ਦਾ ਦੁੱਖ ਨਹੀਂ, ਸਗੋਂ ਪੂਰੇ ਪੰਥ ਦੀ ਪੀੜ ਹੈ। ਉਨ੍ਹਾਂ ਕਿਹਾ ਕਿ ਭਾਈ ਬਸੰਤ ਸਿੰਘ ਦੌਲਤਪੁਰ ਦੇ ਮਾਤਾ ਜੀ ਆਪਣੇ ਪੁੱਤਰ ਦੀ ਇਕ ਝਲਕ ਦੇ ਇੰਤਜ਼ਾਰ ਵਿੱਚ ਹੀ ਸੰਸਾਰ ਛੱਡ ਗਏ, ਭਾਈ ਸ਼ੁਤਰਾਣਾ ਸਿੰਘ ਦੇ ਮਾਤਾ ਜੀ ਵੀ ਇਸੇ ਦਰਦ ਨਾਲ ਚਲੇ ਗਏ, ਭਾਈ ਮਨਪ੍ਰੀਤ ਸਿੰਘ ਬਹਿਰਾਮ ਦੇ ਪਿਤਾ ਜੀ ਵੀ ਪੁੱਤਰ ਦੇ ਵਿਛੋੜੇ ਨੂੰ ਸਹਿ ਨਾ ਸਕੇ ਅਤੇ ਸੰਸਾਰ ਤਿਆਗ ਗਏ, ਭਾਈ ਅਜੇਪਾਲ ਸਿੰਘ ਸਿੰਘਾਵਾਲੇ ਦੇ ਮਾਤਾ ਜੀ ਦੀ ਵਿਛੋੜਾ ਨਾਂ ਸਹਿੰਦਿਆ ਅੱਖਾਂ ਦੀ ਰੋਸ਼ਨੀ ਚਲੀ ਗਈ ਅਤੇ ਭਾਈ ਗੁਰਮੀਤ ਸਿੰਘ ਬੁੱਕਣਵਾਲਾ ਦੇ ਪਿਤਾ ਜੀ ਵੀ ਲੰਮੇ ਸਮੇਂ ਤੋਂ ਇਸ ਮਾਨਸਿਕ ਤਣਾਅ ਕਾਰਨ ਬਿਮਾਰੀ ਨਾਲ ਜੂਝ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਘਟਨਾਵਾਂ ਸਾਬਤ ਕਰਦੀਆਂ ਹਨ ਕਿ ਸਰਕਾਰਾਂ ਵੱਲੋਂ ਸਿੱਖ ਨੌਜਵਾਨਾਂ ਨੂੰ ਨਾਜਾਇਜ਼ ਤਰੀਕੇ ਨਾਲ ਬੰਦ ਕਰਕੇ ਨਾਂ ਸਿਰਫ਼ ਉਹਨਾਂ ਨਾਲ ਜ਼ੁਲਮ ਕੀਤਾ ਜਾ ਰਿਹਾ ਹੈ, ਸਗੋਂ ਉਹਨਾਂ ਦੇ ਪਰਿਵਾਰਾਂ ਨੂੰ ਵੀ ਹੌਲੇ-ਹੌਲੇ ਮੌਤ ਵੱਲ ਧਕੇਲਿਆ ਜਾ ਰਿਹਾ ਹੈ ਜੋ ਮਨੁੱਖੀ ਅਧਿਕਾਰਾਂ ਦੀ ਸਿੱਧੀ ਉਲੰਘਣਾ ਹੈ। ਭਾਈ ਡੱਡੂਆਣਾਂ ਅਤੇ ਭਾਈ ਪੱਧਰੀ ਨੇ ਪੰਜਾਬ ਦੀ ਭਗਵੰਤ ਮਾਨ ਸਰਕਾਰ 'ਤੇ ਤਿੱਖਾ ਹਮਲਾ ਕਰਦੇ ਹੋਏ ਕਿਹਾ ਕਿ ਇਹ ਸਰਕਾਰ ਆਪਣੇ ਆਪ ਨੂੰ ਪੰਜਾਬੀ ਹਿੱਤਾਂ ਦੀ ਰੱਖਿਆ ਕਰਨ ਵਾਲੀ ਦੱਸਦੀ ਹੈ, ਪਰ ਅਸਲ ਵਿੱਚ ਇਹ ਕੇਂਦਰ ਦੀ ਕੱਠਪੁਤਲੀ ਬਣਕੇ ਸਿੱਖ ਨੌਜਵਾਨਾਂ ਦੀਆਂ ਜ਼ਿੰਦਗੀਆਂ ਨਾਲ ਖੇਡ ਰਹੀ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਦੀ ਕਰੂਰਤਾ ਇਹ ਦਰਸਾਉਂਦੀ ਹੈ ਕਿ ਉਹਨਾਂ ਲਈ ਪੰਜਾਬ ਦੇ ਪੁੱਤਰਾਂ ਦੀ ਜ਼ਿੰਦਗੀ ਦੀ ਕੋਈ ਕੀਮਤ ਨਹੀਂ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਵੀ ਘੇਰਦੇ ਹੋਏ ਕਿਹਾ ਕਿ ਐਨ ਐਸ ਏ ਅਤੇ ਯੂ ਏ ਪੀ ਏ ਵਰਗੇ ਕਾਲੇ ਕਾਨੂੰਨਾਂ ਦੇ ਜ਼ਰੀਏ ਸਿੱਖ ਨੌਜਵਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਹ ਕਾਨੂੰਨ ਲੋਕਤੰਤਰ ਨਹੀਂ, ਸਗੋਂ ਤਾਨਾਸ਼ਾਹੀ ਦੀਆਂ ਨਿਸ਼ਾਨੀਆਂ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਵਿੱਚ ਡਰ ਅਤੇ ਦਹਿਸ਼ਤ ਦਾ ਮਾਹੌਲ ਬਣਾਕੇ ਆਪਣੀ ਨਾਕਾਮੀਆਂ ਨੂੰ ਓਹਲੇ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਅਖੀਰ ਵਿੱਚ ਉਨ੍ਹਾਂ ਨੇ ਮੰਗ ਕੀਤੀ ਕਿ ਸਾਰੇ ਨਾਜਾਇਜ਼ ਤੌਰ 'ਤੇ ਨਜ਼ਰਬੰਦ ਬੰਦੀ ਸਿੰਘਾਂ ਨੂੰ ਤੁਰੰਤ ਰਿਹਾ ਕੀਤਾ ਜਾਣਾ ਚਾਹੀਦਾ ਹੈ ਅਤੇ ਉਹਨਾਂ ਦੇ ਪਰਿਵਾਰਾਂ ਨਾਲ ਹੋ ਰਹੇ ਅਨਿਆਇ ਦਾ ਵੀ ਇਨਸਾਫ਼ ਹੋਣਾ ਚਾਹੀਦਾ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰਾਂ ਨੇ ਆਪਣਾ ਰਵੱਈਆ ਨਾ ਬਦਲਿਆ ਤਾਂ ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ ਅਤੇ ਹਰ ਪੱਧਰ 'ਤੇ ਆਵਾਜ਼ ਬੁਲੰਦ ਕੀਤੀ ਜਾਵੇਗੀ।



ਆਵਾਜ਼ਿ ਕੌਮ AWAZE QAUM International Newspaper & WEB TV

ਖ਼ਾਲਸਾ ਸਾਜਨਾਂ ਦਿਵਸ ਤੇ ਸ੍ਰੀ ਦਮਦਮਾ ਸਾਹਿਬ ਪਹੁੰਚਣ ਲਈ ਅਕਾਲੀ ਦਲ ਵਾਰਿਸ ਪੰਜਾਬ ਦੇ ਦੀਆਂ

# ਤਿਆਰੀਆਂ ਤੇਜ਼, ਪਿੰਡ ਖਾਨਪੁਰ ਵਿੱਚ ਜ਼ੋਰਦਾਰ ਮੀਟਿੰਗ



**ਫ਼ਿਰੋਜ਼ਪੁਰ, 09 ਅਪ੍ਰੈਲ (ਮਨੋਹਰ ਲਾਲ)** :— ਹਲਕਾ ਫਿਰੋਜ਼ਪੁਰ ਦਿਹਾਤੀ ਦੇ ਪਿੰਡ ਖਾਨਪੁਰ ਵਿਖੇ ਅਜਾਇਬ ਸਿੰਘ, ਸੂਬੇਦਾਰ ਨਿਰੰਜਨ ਸਿੰਘ ਅਤੇ ਜਸਪ੍ਰੀਤ ਸਿੰਘ ਦੇ ਗ੍ਰਹਿ ਵਿਖੇ ਅਕਾਲੀ ਦਲ ਵਾਰਿਸ ਪੰਜਾਬ ਵੱਲੋਂ ਇੱਕ ਮਹੱਤਵਪੂਰਨ ਮੀਟਿੰਗ ਜਿਲਾ ਪ੍ਰਧਾਨ ਜਗਦੀਪ ਸਿੰਘ ਭੁੱਲਰ ਦੀ ਅਗਵਾਈ ਹੇਠ ਕੀਤੀ ਗਈ। ਇਸ ਮੀਟਿੰਗ ਦੌਰਾਨ 14 ਅਪ੍ਰੈਲ ਨੂੰ ਖਾਲਸਾ ਸਾਜਨਾਂ ਦਿਵਸ ਦੇ ਪਵਿੱਤਰ ਦਿਹਾੜੇ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਵੱਡੀ ਗਿਣਤੀ ਵਿੱਚ ਪਹੁੰਚਣ ਲਈ ਸੰਗਤਾਂ ਨੂੰ ਅਪੀਲ ਕੀਤੀ ਗਈ। ਆਗੂਆਂ ਨੇ ਕਿਹਾ ਕਿ ਇਹ ਦਿਹਾੜਾ ਸਿੱਖ ਕੌਮ ਲਈ ਇਤਿਹਾਸਕ ਮਹੱਤਵ ਰੱਖਦਾ ਹੈ ਅਤੇ ਇਸ ਮੌਕੇ ਵੱਡੇ ਇਕੱਠ ਰਾਹੀਂ ਪੰਥਕ ਏਕਤਾ ਦਾ ਪ੍ਰਗਟਾਵਾ ਕਰਨਾ ਸਮੇਂ ਦੀ ਲੋੜ ਹੈ। ਇਸ ਮੌਕੇ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਦੇ ਸੰਘਰਸ਼ਮਈ ਸੰਦੇਸ਼ ਨੂੰ ਵੀ ਸੰਗਤਾਂ ਤੱਕ ਪਹੁੰਚਾਇਆ ਗਿਆ ਅਤੇ ਉਨ੍ਹਾਂ ਦੀ ਸੋਚ ਅਨੁਸਾਰ ਪੰਥਕ ਇਕੱਠ ਨੂੰ ਮਜ਼ਬੂਤ ਕਰਨ ਦਾ ਸੰਕਲਪ ਲਿਆ ਗਿਆ। ਮੀਟਿੰਗ ਵਿੱਚ ਮੌਜੂਦ ਸੰਗਤਾਂ ਨੇ ਭਰੋਸਾ ਦਿਵਾਇਆ ਕਿ ਉਹ ਖ਼ਾਲਸਾ ਸਾਜਨਾ ਦਿਵਸ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਵੱਡੀ ਗਿਣਤੀ ਵਿਖੇ ਪਹੁੰਚ ਕੇ ਇਸ ਪੰਥਕ ਇਕੱਠ ਨੂੰ ਕਾਮਯਾਬ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣਗੇ। ਅੰਤ ਵਿੱਚ ਅਕਾਲੀ ਦਲ ਵਾਰਿਸ ਪੰਜਾਬ ਵੱਲੋਂ ਦਿਲ ਦੀਆਂ ਗਹਿਰਾਈਆਂ ਤੋਂ ਪਿੰਡ ਖਾਨਪੁਰ ਦੀਆਂ ਸੰਗਤਾਂ ਅਤੇ ਹਲਕਾ ਨਿਵਾਸੀਆਂ ਦਾ ਧੰਨਵਾਦ ਕੀਤਾ ਗਿਆ, ਜਿਨ੍ਹਾਂ ਨੇ ਪਾਰਟੀ ਦੇ ਸੱਦੇ ਨੂੰ ਸਵੀਕਾਰ ਕਰਦੇ ਹੋਏ ਪੂਰੇ ਸਹਿਯੋਗ ਦਾ ਵਿਸ਼ਵਾਸ ਦਿਵਾਇਆ। ਇਸ ਮੌਕੇ ਇਕਬਾਲ ਸਿੰਘ, ਪ੍ਰਗਟ ਸਿੰਘ, ਡਾ: ਅਵਤਾਰ ਸਿੰਘ (ਹਲਕਾ ਫਿਰੋਜ਼ਪੁਰ ਦਿਹਾਤੀ ਸੇਵਾਦਾਰ), ਅਮਰੀਕ ਸਿੰਘ, ਗੁਰਮੁਖ ਸਿੰਘ, ਦਾਰਾ ਸਿੰਘ, ਮੰਗਲ ਸਿੰਘ ਅਤੇ ਡਾ: ਵਿਰਕ ਆਦਿ ਵਿਸ਼ੇਸ਼ ਤੌਰ ਤੇ ਮੌਜੂਦ ਸਨ। ਇਸ ਦੌਰਾਨ ਆਗੂਆਂ ਨੇ ਇਹ ਵੀ ਜ਼ੋਰ ਦੇ ਕੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਪੰਥਕ ਏਕਤਾ ਅਤੇ ਜਾਗਰੂਕਤਾ ਬਹੁਤ ਜ਼ਰੂਰੀ ਹੈ, ਤਾਂ ਜੋ ਸਿੱਖ ਕੌਮ ਆਪਣੇ ਹੱਕਾਂ ਅਤੇ ਅਸੂਲਾਂ ਦੀ ਰਾਖੀ ਲਈ ਇਕਜੁੱਟ ਹੋ ਸਕੇ। ਉਨ੍ਹਾਂ ਨੌਜਵਾਨਾਂ ਨੂੰ ਖਾਸ ਤੌਰ 'ਤੇ ਅਪੀਲ ਕੀਤੀ ਕਿ ਉਹ ਵੱਧ ਚੜ੍ਹ ਕੇ ਇਸ ਪਵਿੱਤਰ ਦਿਹਾੜੇ ਵਿੱਚ ਸ਼ਾਮਿਲ ਹੋਣ ਅਤੇ ਗੁਰੂ ਸਾਹਿਬਾਨ ਦੀਆਂ ਬਖ਼ਸ਼ੀਆਂ ਰਹਿਤਾਂ ਤੇ ਚੱਲਣ ਦਾ ਸੰਕਲਪ ਕਰਨ। ਆਗੂਆਂ ਨੇ ਕਿਹਾ ਕਿ ਖ਼ਾਲਸਾ ਸਾਜਨਾ ਦਿਵਸ ਸਿਰਫ ਇੱਕ ਧਾਰਮਿਕ ਦਿਹਾੜਾ ਹੀ ਨਹੀਂ, ਸਗੋਂ ਕੌਮ ਦੀ ਸ਼ਾਨ ਅਤੇ ਸਵਾਭੀਮਾਨ ਦਾ ਪ੍ਰਤੀਕ ਹੈ, ਜਿਸਨੂੰ ਵੱਡੇ ਪੱਧਰ 'ਤੇ ਮਨਾਉਣਾ ਹਰ ਸਿੱਖ ਦਾ ਫਰਜ਼ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

**ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਦੇ ਸੰਦੇਸ਼ ਨੂੰ ਘਰ—ਘਰ ਤੱਕ ਪਹੁੰਚਾਉਣ ਦਾ ਫੈਸਲਾ, ਸੰਗਤਾਂ ਵੱਲੋਂ ਭਰਪੂਰ ਸਹਿਯੋਗ ਦਾ**

# ਸਰਕਾਰੀ ਐਲੀਮੈਂਟਰੀ ਸਕੂਲ ਟਾਂਗਰਾ ਬਲਾਕ ਰਈਆ 2 ਦਾ ਨਤੀਜਾ ਸ਼ਾਨਦਾਰ ਰਿਹਾ




**ਜੰਡਿਆਲਾ ਗੁਰੂ, 9 ਅਪ੍ਰੈਲ (ਕੁਲਵੰਤ ਸਿੰਘ ਵਿਰਦੀ )**-ਸਰਕਾਰੀ ਐਲੀਮੈਂਟਰੀ ਸਕੂਲ ਟਾਂਗਰਾ ਬਲਾਕ ਰਈਆ 2ਦੇ ਸਾਲ 2025 -26 ਦਾ ਨਤੀਜਾ 100%ਸ਼ਾਨਦਾਰ ਰਿਹਾ ।ਇਸ ਸਕੂਲ ਦੇ ਸੈਂਟਰ ਹੈਡ ਟੀਚਰ ਰਗਵਿੰਦਰ ਸਿੰਘ ਧੂਲਕਾ ਨੇ ਦੱਸਿਆ ਕਿ ਸਕੂਲ ਦੀ ਪੰਜਵੀਂ ਜਮਾਤ ਦੀ ਪ੍ਰੀਖਿਆ SCRT ਵੱਲੋਂ ਲਈ ਗਈ ਇਸ ਪ੍ਰੀਖਿਆ ਵਿੱਚ ਸਰਕਾਰੀ ਐਲੀਮੈਂਟਰੀ ਸਕੂਲ ਬਲਾਕ ਰਈਆ 2 ਟਾਂਗਰਾ ਦਾ ਨਤੀਜਾ ਸ਼ਾਨਦਾਰ 100%ਸ਼ਾਨਦਾਰ ਫੀਸਦੀ ਰਿਹਾ ।ਜਿਸ ਵਿੱਚ ਸਕੂਲ ਦੀ ਵਿਦਿਆਰਥਣ ਨਵਜੋਤ ਕੌਰ ਨੇ 500 ਵਿੱਚੋਂ 475 ਅੰਕ ਪ੍ਰਾਪਤ ਕਰਕੇ ਵਿਦਿਆਰਥਣ ਨੇ ਪਹਿਲਾ ਸਥਾਨ ਸਿਮਰਨਪ੍ਰੀਤ ਕੌਰ ਨੇ 500 ਵਿੱਚੋਂ 469 ਅੰਕ ਪ੍ਰਾਪਤ ਕਰਕੇ ਦੂਸਰਾ ਸਥਾਨ ਵਿਦਿਆਰਥਣ ਨਵਜੋਤ ਕੌਰ ਨੇ 500 ਵਿੱਚੋ 468 ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਵਿਦਿਆਰਥੀ ਪ੍ਰਕਾਸ਼ ਸਿੰਘ ਨੇ 500 ਵਿੱਚੋਂ 463 ਅੰਕ ਪ੍ਰਾਪਤ ਕਰਕੇ ਚੌਥਾ ਸਥਾਨ ਹਾਸਲ ਕੀਤਾ। ਇਸ ਤੋਂ ਇਲਾਵਾ 7ਵਿਦਿਆਰਥੀਆਂ ਨੇ 90 ਫ਼ੀਸਦੀ , 9 ਵਿਦਿਆਰਥੀਆਂ ਨੇ 80 ਫ਼ੀਸਦੀ ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ ।ਸਕੂਲ ਪ੍ਰਬੰਧਕਾਂ ਵੱਲੋ ਸਾਰੇ ਸਫਲ ਵਿਦਿਆਰਥੀਆਂ ਨੂੰ ਟਰਾਫੀ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਹੈਡ ਟੀਚਰ ਰਗਵਿੰਦਰ ਸਿੰਘ ਧੂਲਕਾ ਨੇ ਦੱਸਿਆ ਕਿ ਸਕੂਲ ਸਟਾਫ ਬਹੁਤ ਮਿਹਨਤੀ ਹੈ,ਬੱਚਿਆਂ ਨੂੰ ਪੂਰੀ ਲਗਨ ਤੇ ਇਮਾਨਦਾਰੀ ਨਾਲ ਪੜ੍ਹਾਉਦੇ ਹਨ। ਇਸ ਮੌਕੇ ਸਕੂਲ ਪ੍ਰਿੰਸੀਪਲ ਅਤੇ ਸਮੂਹ ਸਟਾਫ਼ ਵਲੋਂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਇਸ ਉਪਲਬਧੀ ਲਈ ਵਧਾਈ ਦਿੱਤੀ ਗਈ ਤੇ ਉਨ੍ਹਾਂ ਦੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ।ਇਸ ਸਾਰੀ ਕਾਰਜਕਾਈ ਦਾ ਸਿਹਰਾ ਮੈਡਮ ਨਵਪ੍ਰੀਤ ਕੌਰ ਕਲਾਸ ਟੀਚਰ ,ਹੈਡ ਟੀਚਰ ਰਗਵਿੰਦਰ ਸਿੰਘ ਧੂਲਕਾ ਦੇ ਸਿਰ ਸਜਦਾ ਹੈ ,ਇਸ ਮੌਕੇ ਸੈਂਟਰ ਹੈਡ ਟੀਚਰ ਰਗਵਿੰਦਰ ਸਿੰਘ ਧੂਲਕਾ ਸੀ ਐਚ ਡੀ , ਮੈਡਮ ਨਵਪ੍ਰੀਤ ਕੌਰ ,ਮੈਡਮ ਗੁਰਪ੍ਰੀਤ ਕੌਰ ,ਮੈਡਮ ਹਰਪ੍ਰੀਤ ਕੌਰ, ਮੈਡਮ ਮਨਦੀਪ ਕੌਰ, ਮੈਡਮ ਵਜ਼ੀਰ ਕੌਰ,ਮੈਡਮ ਮਨਜਿੰਦਰ ਕੌਰ ,ਮੈਡਮ ਦਵਿੰਦਰ ਕੌਰ ,ਸੀਮਾ ਰਾਣੀ ,ਇਸ ਮੌਕੇ ਰਵਨੀਤ ਸਿੰਘ ਅਤੇ ਸਰਦਾਰ ਮੰਗਲ ਸਿੰਘ ਦੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਗੁਰਬਾਣੀ ਕੰਠ ,ਦਸਤਾਰ , ਦੁਮਾਲੇ ਸਜਾਉਣ ਦੇ ਮੁਕਾਬਲੇ ਅਤੇ 9ਵਾਂ ਗਤਕਾ ਮੁਕਾਬਲਾ 11 ਅਪ੍ਰੈਲ ਨੂੰ ਜਥੇਦਾਰ ਮਨੋਜ ਸਿੰਘ

**ਜੰਡਿਆਲਾ ਗੁਰੂ, 9 ਅਪ੍ਰੈਲ ( ਕੁਲਵੰਤ ਸਿੰਘ ਵਿਰਦੀ )**-ਬਾਬਾ ਫ਼ਤਿਹ ਸਿੰਘ ਗੱਤਕਾ ਅਖਾੜਾ ਪਿੰਡ ਨਵਾਂ ਕੋਟ, ਜਿਲ੍ਹਾ ਅੰਮ੍ਰਿਤਸਰ ਵਲੋਂ ਖਾਲਸਾ ਪੰਥ ਸਾਜਨਾ ਦਿਵਸ ਨੂੰ ਸਮਰਪਿਤ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮਿਤੀ 11-04-2026 ਦਿਨ ਸ਼ਨੀਵਾਰ ਨੂੰ ਬਾਣੀ ਕੰਠ ਮੁਕਾਬਲੇਂ, ਦਸਤਾਰ ਮੁਕਾਬਲੇ, ਦੁਮਾਲੇ ਸਜਾਉਣ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆ ਹੋਇਆ ਜਥੇਦਾਰ ਮਨੋਜ ਸਿੰਘ ਮੁਖੀ ਬਾਬਾ ਫਤਿਹ ਸਿੰਘ ਗਤਕਾ ਅਖਾੜਾ ਨੇ ਅੱਗੇ ਕਿਹਾ ਕਿ ਹਰ ਸਾਲ ਨਗਰ ਨਿਵਾਸੀ ,ਇਲਾਕਾ ਨਿਵਾਸੀ ਅਤੇ ਦੇਸ ਵਿਦੇਸ ਵਿੱਚ ਵੱਸਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਇਹ ਗੁਰਮਤਿ ਸਮਾਗਮ ਕਰਵਾਇਆ ਜਾਂਦਾ ਹੈ ਅਤੇ ਇਸ ਵਾਰ ਵੀ 10 ਅਪ੍ਰੈਲ ਨੂੰ ਸਾਮ 6 ਵੱਜ ਕਿ 30 ਮਿੰਟ ਤੇ ਦੂਖ ਨਿਵਾਰਨ ਕੈਂਪ ਲਗਾਇਆ ਜਾਵੇਗਾ ਅਤੇ ਇਸ ਦੂਖ ਨਿਵਾਰਨ ਕੈਂਪ ਵਿੱਚ ਗੁਰਦੁਆਰਾ ਨਾਨਕਸਰ ਸਾਹਿਬ ਨਾਨਕਸਰ ਨਗਰ ਜੰਡਿਆਲਾ ਗੁਰੂ ਦੇ ਮੁੱਖ ਸੇਵਾਦਾਰ ਬਾਬਾ ਬਿਬੇਕ ਸਿੰਘ ਜੀ ਵਿਸੇਸ ਤੌਰ ਤੇ ਹਾਜਰੀਆਂ ਭਰਨਗੇ ਅਤੇ 11 ਅਪ੍ਰੈਲ ਨੂੰ ਸਵੇਰੇ 10 ਵਜੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਆਰੰਭ ਕੀਤੇ ਜਾਣਗੇ ਅਤੇ ਤਿਨਾ ਦੇ ਭੋਗ ਉਪਰੰਤ ਕੀਰਤਨ ਦਰਬਾਰ ਆਰੰਭ ਹੋਵੇਗਾ ਅਤੇ ਅਤੇ ਸਰਬ ਰੋਗ ਕਾ ਅਉਖਦੁ ਨਾਮੁ ਦੂਖ ਨਿਵਾਰਨ ਕੈਂਪ ਲਗਾਇਆ ਜਾਵੇਗਾ ਅਤੇ ਸ਼ਾਮ 4 ਤੋਂ 8 ਵਜੇ ਤੱਕ 9 ਵਾਂ ਗਤਕਾ ਮੁਕਾਬਲਾ ਕਰਵਾਇਆ ਜਾਵੇਗਾ !ਸਮੂਹ ਇਲਾਕਾ ਨਿਵਾਸੀ ਸੰਗਤਾਂ ਇਨਾਂ ਸਮਾਗਮਾਂ ਵਿੱਚ ਪਹੁੰਚ ਕੇ ਗੁਰੂ ਘਰ ਦੀਆਂ ਖੁਸੀਆਂ ਪ੍ਰਾਪਤ ਕਰੋ !ਇਹ ਪ੍ਰੋਗਰਾਮ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਸੋ ਵੱਧ ਚੜ ਕੇ ਸੇਵਾ ਵਿੱਚ ਹਿੱਸਾ ਪਾਉਣ ਲਈ ਮੋਬਾ: 98147-60698 ਨੰਬਰ ਤੇ ਸੰਪਰਕ ਕਰੋ। ਆਈਆਂ ਸੰਗਤਾਂ ਨੂੰ ਗੁਰੂ ਸਾਹਿਬ ਜੀ ਦੇ ਅਤੁੱਟ ਲੰਗਰ ਛਕਾਏ ਜਾਣਗੇ।



ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243





### ਜੱਥੇਬੰਦੀ ਦੀ ਮੀਟਿੰਗ ਵਿੱਚ

# ਮੁਲਾਜਮ ਮੰਗਾਂ ਲਈ ਧਰਨੇ ਦੀ ਤਿਆਰੀ - ਕਹੇਰੁ ਅਤੇ ਲੱਡਾ



**ਧੂਰੀ ( ਰਣਜੀਤ ਸਿੰਘ ਪੇਧਨੀ )**-ਸਥਾਨਕ ਪਾਵਰਕਾਮ ਦੇ ਮੰਡਲ ਦਫ਼ਤਰ ਧੂਰੀ ਵਿਖੇ ਆਈ ਟੀ ਆਈ ਇੰਪਲਾਈਜ਼ ਐਸੋਸੀਏਸ਼ਨ ਦੀ ਇੱਕ ਵਿਸ਼ੇਸ਼ ਮੀਟਿੰਗ ਮੰਡਲ ਧੂਰੀ ਦੇ ਪ੍ਰਧਾਨ ਗੁਰਪਿੰਦਰ ਸਿੰਘ ਕਹੇਰੁ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸਟੇਟ ਆਗੂ ਇੰਜ. ਚਰਨਜੀਤ ਸਿੰਘ ਬਾਵਾ ਅਤੇ ਨਪਿੰਦਰ ਸਿੰਘ ਕਾਂਝਲਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਡੀ ਏ ਦੀਆਂ ਕਿਸ਼ਤਾਂ ਰਿਲੀਜ਼ ਕਰਨ ਸਬੰਧੀ ਮਾਣਯੋਗ ਅਦਾਲਤ ਦੇ ਫੈਸਲੇ ਦੀ ਸਮੁੱਚੇ ਮੁਲਾਜਮ ਵਰਗ ਨੂੰ ਮੁਬਾਰਕਵਾਦ ਦਿੱਤੀ ਗਈ ਅਤੇ ਜੱਥੇਬੰਦੀ ਦੇ ਪ੍ਰਸਾਰ ਅਤੇ ਪਰਚਾਰ ਤਹਿਤ ਪਾਵਰਕਾਮ ਦੇ ਸਮੁੱਚੇ ਆਈ ਟੀ ਆਈ ਹੌਲਡਰਾਂ ਦੀਆਂ ਤਰੱਕੀ ਅਤੇ ਮੰਗਾਂ ਤੇ ਵਿਸਥਾਰ ਸਹਿਤ ਚਾਨਣਾ ਪਾਇਆ, ਆਈ ਟੀ ਆਈ ਹੋਲਡਰਾਂ ਲਈ ਪਵਰਕਮ ਵੱਲੋਂ ਸੇਵਾ ਸ਼ਰਤਾਂ ਵਿੱਚ ਸੋਧ ਕਰਨ ਅਤੇ ਲਾਈਨਮੇਨ ਤੋਂ ਜੇਈ ਦਾ ਕੋਟਾ ਵੱਧਣ ਨਾਲ ਤਰਕੀਆਂ ਦੇ ਰਾਹ ਖੁੱਲਣਗੇ। ਭਵਿੱਖ ਵਿੱਚ ਆਪਣੀਆਂ ਮੰਗਾਂ ਪੁਰਾਣੀ ਪੈਨਸ਼ਨ ਬਹਾਲੀ ਅਤੇ ਸਾਂਝੇ ਸੰਘਰਸ਼ਾਂ ਲਈ ਤਿਆਰ ਵਰ ਤਿਆਰ ਰਹਿਣ ਦਾ ਸੱਦਾ ਦਿੱਤਾ। ਇਸ ਮੌਕੇ ਸਰਕਲ ਆਗੂ ਜਰਨੈਲ ਸਿੰਘ ਮਾਨਾਂ, ਮਨਜੀਤ ਸਿੰਘ ਲੱਡਾ ਅਤੇ ਜਸਵੀਰ ਸ਼ਰਮਾ ਨੇ ਵੀ ਆਪਣੇ ਵਿਚਾਰ ਸਾਂਝੇ ਕਰਦਿਆਂ ਸਾਥੀਆਂ ਨੂੰ ਆ ਰਹੀਆਂ ਸਮੱਸਿਆਵਾਂ ਬਾਰੇ ਵਿਚਾਰ-ਵਟਾਂਦਰਾ ਕੀਤਾ। ਜਥੇਬੰਦੀ ਦੀਆਂ ਗਤਵਿਧੀਆਂ ਨੂੰ ਵੇਖਦੇ ਹੋਏ ਕੁਝ ਨਵੇਂ ਸਾਥੀਆਂ ਨੇ ਜੱਥੇਬੰਦੀ ਵਿੱਚ ਭਰਵੀਂ ਸ਼ਮੂਲੀਅਤ ਕੀਤੀ। ਇਸ ਮੌਕੇ ਸ਼ਾਮਲ ਹੋਏ ਸਾਥੀਆਂ ਦਾ ਜਥੇਬੰਦੀ ਵਲੋਂ ਮੈਡਲ ਪਾ ਕੇ ਸਨਮਾਨ ਕਰਦਿਆਂ ਜੀ ਆਇਆਂ ਆਖਿਆ ਗਿਆ। ਇਸ ਮੌਕੇ ਜੋ ਸਾਥੀ ਸਹਾਇਕ ਲਾਈਨਮੈਨ ਤੋਂ ਲਾਈਨਮੈਨ ਪ੍ਰਮੋਟ ਹੋਏ ਹਨ ਉਹਨਾਂ ਦਾ ਵੀ ਟਰਾਫੀ ਦੇ ਕੇ ਸਨਮਾਨ ਕੀਤਾ ਗਿਆ। ਪਾਵਰਕਾਮ ਦੇ ਉੱਚ ਅਧਿਕਾਰੀਆਂ ਅਤੇ ਪੰਜਾਬ ਸਰਕਾਰ ਨਾਲ ਮਿਲ ਕੇ ਜਲਦੀ ਹੀ ਧੂਰੀ ਵਿੱਚ ਲਾਈਨਮੈਨ ਦੀਆਂ ਘੱਟ ਹੋਈਆਂ ਪੋਸਟਾਂ ਨੂੰ ਦੁਬਾਰਾ ਵਧਾਉਣ ਲਈ ਕਦਮ ਚੁੱਕੇ ਜਾਣਗੇ। ਪਾਵਰਕਾਮ ਦੀਆਂ ਸਮੁੱਚੀਆਂ ਜਥੇਬੰਦੀਆਂ ਬਿਜਲੀ ਮੁਲਾਜ਼ਮ ਏਕਤਾ ਮੰਚ ਅਤੇ ਜੁਆਇੰਟ ਫੋਰਮ ਵਲੋਂ ਹੈਡ ਆਫਿਸ ਪਟਿਆਲਾ ਵਿਖੇ 10 ਮਾਰਚ ਨੂੰ ਮੁਲਾਜਮ ਮੰਗਾਂ ਲਈ ਰੋਸ ਧਰਨਾ ਦਿੱਤਾ ਜਾਵੇਗਾ। ਇਸ ਮੌਕੇ ਸਾਰੀਆਂ ਸਬ ਡਵੀਜ਼ਨ ਕਮੇਟੀਆਂ ਦੇ ਅਹੁਦੇਦਾਰ ਸਾਹਿਬਾਨ ਅਤੇ ਜੁਝਾਰੂ ਸਾਥੀਆਂ ਨੇ ਭਰਵੀਂ ਸ਼ਮੂਲੀਅਤ ਕੀਤੀ। ਇਸ ਮੌਕੇ ਸੰਦੀਪ ਸਿੰਘ ਦੀਦਰਗੜ, ਮਨਦੀਪ ਅਲਾਲ, ਅਮਰਜੀਤ ਮੀਮਸਾ, ਸੰਦੀਪ ਧੁਰਾ, ਦਵਿੰਦਰ ਪੁਨਵਾਲ, ਸੰਦੀਪ ਲੱਡਾ, ਕੁਲਦੀਪ ਕੌਰ, ਕਰਮਵੀਰ ਧੂਰੀ ਵੀ ਹਾਜਰ ਸਨ। ਅੰਤ ਵਿੱਚ ਡਵੀਜ਼ਨ ਪ੍ਰਧਾਨ ਗੁਰਪਿੰਦਰ ਸਿੰਘ ਕਹੇਰੂ ਵੱਲੋਂ ਸਾਰੇ ਹੀ ਸਾਥੀਆਂ ਦਾ ਮੀਟਿੰਗ ਵਿੱਚ ਪਹੁੰਚਣ ਤੇ ਧੰਨਵਾਦ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਵਰਿੰਦਰ ਸਿੰਘ ਫੌਜੀ ਵੱਲੋਂ ਭਾਈ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਬਿਆਨ ਦੇਣ ਦੀਆਂ ਖ਼ਬਰਾਂ ਝੂਠੀਆਂ ਤੇ ਬੇਬੁਨਿਆਦ : ਐਡਵੋਕੇਟ ਹਰਪਾਲ ਸਿੰਘ ਖ਼ਾਰਾ

## ਗੋਇੰਦਵਾਲ ਸਾਹਿਬ ਜੇਲ ਵਿੱਚ ਮੁਲਾਕਾਤ ਦੌਰਾਨ ਵਰਿੰਦਰ ਸਿੰਘ ਫੌਜੀ ਅਤੇ ਮਾਤਾ ਸਿਮਰਨਜੀਤ ਕੌਰ ਨੇ ਅਫ਼ਵਾਹਾਂ ਨੂੰ ਕੀਤਾ ਰੱਦ



**ਗੋਇੰਦਵਾਲ ਸਾਹਿਬ, 9 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਹਰੀ ਨੌ ਕਤਲ ਕੇਸ ਸਬੰਧੀ ਚੱਲ ਰਹੀਆਂ ਅਫ਼ਵਾਹਾਂ ਨੂੰ ਸਪੱਸ਼ਟ ਕਰਦੇ ਹੋਏ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਦੇ ਕਾਨੂੰਨੀ ਸਲਾਹਕਾਰ ਐਡਵੋਕੇਟ ਹਰਪਾਲ ਸਿੰਘ ਖਾਰਾ ਵੱਲੋਂ ਮਿਤੀ 09/04/2026 ਨੂੰ ਗੋਇੰਦਵਾਲ ਸਾਹਿਬ ਜੇਲ ਵਿਖੇ ਨਜ਼ਰਬੰਦ ਭਾਈ ਵਰਿੰਦਰ ਸਿੰਘ ਫੌਜੀ ਨਾਲ ਮੁਲਾਕਾਤ ਕੀਤੀ ਗਈ। ਇਸ ਮੁਲਾਕਾਤ ਦੌਰਾਨ ਵਰਿੰਦਰ ਸਿੰਘ ਫੌਜੀ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਉਸ ਵੱਲੋਂ ਭਾਈ ਅੰਮ੍ਰਿਤਪਾਲ ਸਿੰਘ ਦੇ ਖ਼ਿਲਾਫ਼ ਕੋਈ ਵੀ ਬਿਆਨ ਦੇਣ ਦੀ ਗੱਲ ਸਰਾਸਰ ਝੂਠੀ ਅਤੇ ਬੇਬੁਨਿਆਦ ਹੈ। ਉਸ ਨੇ ਕਿਹਾ ਕਿ ਕੁਝ ਤਾਕਤਾਂ ਵੱਲੋਂ ਜਾਣ-ਬੁੱਝ ਕੇ ਝੂਠਾ ਪ੍ਰਚਾਰ ਕਰਕੇ ਸੱਚਾਈ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਜਾ ਰਿਹਾ ਹੈ। ਇਸਦੇ ਨਾਲ ਹੀ ਭਾਈ ਵਰਿੰਦਰ ਸਿੰਘ ਫੌਜੀ ਦੇ ਮਾਤਾ ਜੀ ਬੀਬੀ ਸਿਮਰਨਜੀਤ ਕੌਰ ਨੇ ਵੀ ਮੀਡੀਆ ਵਿੱਚ ਚੱਲ ਰਹੀਆਂ ਇਨ੍ਹਾਂ ਗੱਲਾਂ ਨੂੰ ਪੂਰੀ ਤਰ੍ਹਾਂ ਰੱਦ ਕਰਦਿਆਂ ਕਿਹਾ ਕਿ ਉਹਨਾਂ ਦੇ ਪੁੱਤਰ ਵੱਲੋਂ ਅਜਿਹਾ ਕੋਈ ਬਿਆਨ ਨਹੀਂ ਦਿੱਤਾ ਗਿਆ ਅਤੇ ਇਹ ਸਾਰਾ ਪ੍ਰਚਾਰ ਸਿਰਫ਼ ਗਲਤਫ਼ਹਿਮੀਆਂ ਪੈਦਾ ਕਰਨ ਲਈ ਕੀਤਾ ਜਾ ਰਿਹਾ ਹੈ। ਇਸ ਵੀਡੀਓ ਵਿੱਚ ਐਡਵੋਕੇਟ ਹਰਪਾਲ ਸਿੰਘ ਖਾਰਾ, ਐਡਵੋਕੇਟ ਰਣਜੋਧ ਸਿੰਘ ਭੁੱਲਰ ਅਤੇ ਬੀਬੀ ਸਿਮਰਨਜੀਤ ਕੌਰ ਮੌਜੂਦ ਹਨ, ਜੋ ਸਾਫ਼-ਸੁਥਰੀ ਸੱਚਾਈ ਲੋਕਾਂ ਸਾਹਮਣੇ ਰੱਖ ਰਹੇ ਹਨ। ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਕਿਹਾ ਗਿਆ ਹੈ ਕਿ ਇਸ ਤਰ੍ਹਾਂ ਦੀਆਂ ਝੂਠੀਆਂ ਖ਼ਬਰਾਂ ਅਤੇ ਪ੍ਰਚਾਰ ਰਾਹੀਂ ਸੱਚ ਨੂੰ ਦਬਾਇਆ ਨਹੀਂ ਜਾ ਸਕਦਾ ਅਤੇ ਲੋਕ ਹੁਣ ਹਕੀਕਤ ਨੂੰ ਸਮਝ ਰਹੇ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

### ਪੁਲਿਸ ਕੈਟਾਂ ਦੀ ਲਿਸਟ, ਚਮਕੀਲੇ ਅਤੇ ਹਰਮਿੰਦਰ ਸੰਧੂ ਦੇ ਕਤਲ ਕਰਕੇ

# 'ਸੰਘਰਸ਼ ਦਾ ਦੌਰ' ਕਿਤਾਬ ਦੁਬਾਰਾ ਚਰਚਾ ਵਿੱਚ

ਜਦੋਂ ਕੋਈ ਵੀ ਲੇਖਕ ਆਪਣੀ ਕਿਤਾਬ ਛਪਾਉਂਦਾ ਹੈ ਤਾਂ ਉਸ ਦਾ ਉਦੇਸ਼ ਆਪਣੀ ਕਲਮ ਰਾਹੀਂ ਆਪਣੇ ਵਿਚਾਰ ਜਾਂ ਆਪਣੀ ਸੋਚ ਜਾਂ ਆਪਣੀ ਹਕੀਕਤ ਨੂੰ ਪਾਠਕਾਂ ਸਾਹਮਣੇ ਉਜਾਗਰ ਕਰਨਾ ਹੁੰਦਾ ਹੈ। ਕੁਝ ਲੇਖਕਾਂ ਦੀਆਂ ਕਲਮਾਂ ਨੂੰ ਪਾਠਕ ਇਸ ਕਦਰ ਪਸੰਦ ਜਾਂ ਨਾ-ਪਸੰਦ ਕਰਦੇ ਹਨ ਕਿ ਉਨਾਂ ਦੀ ਲਿਖੀ ਕਿਤਾਬ ਸਮਾਜ ਅਤੇ ਪਾਠਕਾਂ ਵਿੱਚ ਚਰਚਾ ਦਾ ਵਿਸ਼ਾ ਬਣ ਜਾਂਦੀ ਹੈ। ਜਿਸ ਨਾਲ ਲੇਖਕ ਨੂੰ ਜਾਂ ਤਾਂ ਪ੍ਰਸ਼ੰਸਾ ਹਾਂਸਿਲ ਹੁੰਦੀ ਹੈ ਜਾਂ ਵਿਰੋਧਤਾ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰ ਲੇਖਕ ਦੇ ਨਾਲ-ਨਾਲ ਕਿਤਾਬ ਦੇ ਪਬਲਿਸ਼ਰ ਨੂੰ ਵੀ ਚਰਚਾ ਦਾ ਵਿਸ਼ਾ ਜਾਂ ਵਿਰੋਧ ਦਾ ਨਿਸ਼ਾਨਾ ਬਨਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਕਈ ਵਾਰ ਦੇਖਣ ਵਿੱਚ ਆਉਂਦਾ ਹੈ ਕਿ ਪਬਲਿਸ਼ਰ ਨਾਲ ਕਿਤਾਬ ਪਿੱਛੇ ਨਿੱਜੀ ਦੁਸ਼ਮਣੀ ਤੱਕ ਪੈਦਾ ਕੀਤੀ ਜਾਂਦੀ ਹੈ। ਜਦਕਿ ਕਿਤਾਬ ਦੇ ਪਬਲਿਸ਼ਰ ਦੀ ਭੂਮਿਕਾ ਕਨੂੰਨੀ ਤੌਰ 'ਤੇ ਸਿਰਫ ਕਿਤਾਬ ਨੂੰ




ਡਿਜ਼ਾਈਨ ਕਰਨਾ, ਪ੍ਰਿੰਟ ਕਰਨਾ ਅਤੇ ਵਿਕਰੀ ਕਰਨਾ ਹੀ ਹੁੰਦਾ ਹੈ। ਜਿਸ ਲਈ ਪਬਲਿਸ਼ਰ ਆਪਣੀ ਇੱਛਾ ਅਨੁਸਾਰ ਅਲੱਗ-ਅਲੱਗ ਪਲੇਟਫਾਰਮ ਵਰਤ ਸਕਦਾ ਹੈ। (Transfer of Copyright: In many subscription-based journals or traditional book publishing, authors transfer their copyright to the publisher, meaning the publisher owns the rights to reproduce, distribute, and sell the work.) ਪੀਂਘਾਂ ਸੋਚ ਦੀਆਂ ਪਬਲਿਸ਼ਰ ਦੀ ਸੰਸਥਾਪਕ ਹੋਣ ਦੇ ਨਾਤੇ ਮੈਂ ਖੁਦ ਕਿਤਾਬ "ਸੰਘਰਸ਼ ਦਾ ਦੌਰ" ਕਰਕੇ ਚਰਚਾ ਦਾ ਵਿਸ਼ਾ ਬਣੀ ਹੋਈ ਹਾਂ। ਜਿੱਥੇ ਕਿਤਾਬ "ਸੰਘਰਸ਼ ਦਾ ਦੌਰ" ਨੇ ਮੈਨੂੰ ਪੰਥਕ ਸਫਾ ਵਿੱਚ ਇੱਕ ਸਤਿਕਾਰਤ ਦਰਜਾ ਪ੍ਰਧਾਨ ਕੀਤਾ। ਉੱਥੇ ਹੀ ਇਸ ਕਿਤਾਬ ਦੀ ਵਿਰੋਧਤਾ ਕਰਣ ਵਾਲਿਆਂ ਨੇ ਮੇਰੇ ਲਈ ਚਰਚਾ ਦੀ ਜੰਗ ਛੇੜ ਦਿੱਤੀ। "ਸੰਘਰਸ਼ ਦਾ ਦੌਰ" ਕਿਤਾਬ ਦੇ ਹੁਣ ਤੱਕ ਦੋ ਐਡੀਸ਼ਨ ਆ ਚੁੱਕੇ ਹਨ। ਪਹਿਲਾ ਐਡੀਸ਼ਨ 2024 ਵਿੱਚ ਅਤੇ ਦੂਸਰਾ ਐਡੀਸ਼ਨ 2025 ਵਿੱਚ ਆਇਆ। ਜਿਸ ਦੀਆਂ ਤਕਰੀਬਨ 2000 ਕਿਤਾਬਾਂ ਛੱਪ ਚੁੱਕੀਆਂ ਹਨ। ਲੇਖਕ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਜੀ ਦੀ ਇੱਛਾ ਅਨੁਸਾਰ ਵੱਖ-ਵੱਖ ਸਮਾਗਮਾਂ ਅਤੇ ਵੱਖ-ਵੱਖ ਉੱਘੀਆਂ ਸ਼ਖਸਿਅਤਾਂ ਨੂੰ ਇਹ ਕਿਤਾਬ ਮੈਂ ਖੁਦ ਭੇਂਟ ਕੀਤੀ ਹੈ। "ਸੰਘਰਸ਼ ਦਾ ਦੌਰ" ਕਿਤਾਬ ਹੁਣ ਤੱਕ ਯੂ.ਕੇ, ਜਰਮਨੀ, ਕਨੇਡਾ, ਯੂ.ਐਸ.ਏ, ਪਾਕਿਸਤਾਨ, ਇਟਲੀ ਅਤੇ ਪੰਜਾਬ ਵਿਖੇ ਸਿੱਖ ਜੱਥੇਬੰਦੀਆਂ ਦੇ ਉੱਘੇ ਜੱਥੇਦਾਰਾਂ ਵੱਲੋਂ ਵੱਖ-ਵੱਖ ਗੁਰਦੁਆਰਾ ਸਾਹਿਬ ਵਿਖੇ ਰਿਲੀਜ ਕੀਤੀ ਗਈ। ਮੈਨੂੰ ਇਸ ਕਿਤਾਬ ਦੀ ਪਬਲਿਸ਼ਰ ਹੋਣ ਦੇ ਨਾਤੇ ਦੇਸ਼ਾਂ-ਵਿਦੇਸ਼ਾਂ ਤੋਂ ਅਣਗਿਣਤ ਫੋਨ ਅਕਸਰ ਆਉਂਦੇ ਰਹਿੰਦੇ ਹਨ। ਤਕਰੀਬਨ ਹਰ ਮਹੀਨੇ "ਸੰਘਰਸ਼ ਦਾ ਦੌਰ" ਕਿਤਾਬ ਦਾ ਪਾਰਸਲ ਤਿਆਰ ਹੁੰਦਾ ਹੈ ਅਤੇ ਦੇਸ਼ਾਂ ਵਿਦੇਸ਼ਾਂ ਵਿੱਚ ਪਹੁੰਚਦਾ ਕਰਵਾਇਆ ਜਾਂਦਾ ਹੈ। ਪਬਲਿਸ਼ਰ ਦੀ ਮਨਸ਼ਾ ਉਸ ਦੀ ਕਿਤਾਬ ਦੀ ਵੱਧ ਤੋਂ ਵੱਧ ਪਬਲਿਸਿਟੀ ਅਤੇ ਵਿਕਰੀ ਹੁੰਦੀ ਹੈ। ਪਰ ਕਿਸੇ ਵਿਅਕਤੀ ਦੀ ਲੇਖਕ ਨਾਲ ਨਿੱਜੀ ਰੰਜਿਸ਼ ਕਰਕੇ ਪਬਲਿਸ਼ਰ ਨੂੰ ਨਿਸ਼ਾਨਾ ਬਣਾਉਣ ਦਾ ਕਾਰਣ ਸਿਰਫ ਇਹ ਹੀ ਮੰਨਿਆ ਜਾ ਸਕਦਾ ਹੈ ਕਿ ਲੇਖਕ ਨਾਲ ਸਿੱਧੇ ਤੌਰ 'ਤੇ ਉਹ ਵਿਅਕਤੀ ਵਿਚਾਰ ਚਰਚਾ ਕਰਣ ਤੋਂ ਡਰਦਾ ਹੈ। ਇਸ ਲਈ ਪਬਲਿਸ਼ਰ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਜਦਕਿ ਇਹ ਵੀ ਸੱਚਾਈ ਹੈ ਕਿ ਪਬਲਿਸ਼ਰ ਨੂੰ ਨਿਸ਼ਾਨਾ ਬਣਾਉਣ ਨਾਲ ਲੇਖਕ ਦੀ ਕਲਮ ਚੱਲਣ ਤੋਂ ਰੋਕੀ ਨਹੀਂ ਜਾ ਸਕਦੀ। ਪਰ ਪਬਲਿਸ਼ਰ ਜੇਕਰ ਇੱਕ ਸਿਆਸੀ ਪਾਰਟੀ ਨਾਲ ਜੁੜਿਆ ਹੋਵੇ ਤਾਂ ਦਬਾਅ ਹੋਰ ਵੀ ਵੱਧ ਜਾਂਦਾ ਹੈ। ਜੋ ਕਿ ਮੇਰੇ ਨਾਲ ਹੋਇਆ। ਮੈਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪਾਰਟੀ ਵਿੱਚ ਬਤੌਰ ਜਨਰਲ ਸਕੱਤਰ ਪੰਜਾਬ ਇਸਤਰੀ ਵਿੰਗ ਸੇਵਾ ਨਿਭਾ ਰਹੀ ਹਾਂ। "ਸੰਘਰਸ਼ ਦਾ ਦੌਰ" ਕਿਤਾਬ ਮੇਰੇ ਵੱਲੋਂ ਪੀਂਘਾਂ ਸੋਚ ਦੀਆਂ ਪਬਲਿਸ਼ਰ ਦੇ ਨਾਮ ਨਾਲ ਛਾਪੀ ਗਈ ਹੈ। "ਸੰਘਰਸ਼ ਦਾ ਦੌਰ" ਕਿਤਾਬ ਵਿੱਚ ਲੇਖਕ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਜੀ ਨੇ ਉਨਾਂ ਖਾੜਕੂ ਸਿੰਘਾਂ ਦਾ ਜ਼ਿਕਰ ਕੀਤਾ ਹੈ। ਜਿੰਨਾਂ ਨੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਚਲਾਏ ਗਏ ਸਿੱਖ ਸੰਘਰਸ਼ ਵਿੱਚ ਆਪਣਾ ਯੋਗਦਾਨ ਪਾਇਆ ਅਤੇ ਸ਼ਹਾਦਤਾਂ ਦਿੱਤੀਆਂ। ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਜੀ ਨੇ ਇਸ ਕਿਤਾਬ ਵਿੱਚ ਬਿਆਨ ਕੀਤਾ ਹੈ ਕਿ ਕਿਸ ਤਰਾਂ ਕਿਹੜੇ ਜੁਝਾਰੂ ਸਿੰਘ ਨੇ ਐਕਸ਼ਨਾਂ ਨੂੰ ਅੰਜਾਮ ਦਿੱਤਾ। ਚਮਕੀਲੇ ਅਤੇ ਹਰਮਿੰਦਰ ਸੰਧੂ ਦਾ ਕਤਲ ਕਿਹੜੇ ਜੁਝਾਰੂ ਸਿੰਘਾਂ ਵੱਲੋਂ ਅੰਜਾਮ ਦਿੱਤਾ ਗਿਆ। ਉਸਨੂੰ ਵੀ ਸਪੱਸ਼ਟ ਤੌਰ ਤੇ ਲਿਖਿਆ ਗਿਆ। ਲੇਖਕ ਅਨੁਸਾਰ ਜੋ ਕਾਰਣ ਸਨ ਉਨਾਂ ਨੂੰ ਵੀ ਸਪੱਸ਼ਟ ਤੌਰ 'ਤੇ ਲਿਖਿਆ ਗਿਆ। ਪਰ ਹਰਮਿੰਦਰ ਸੰਧੂ ਦੇ ਪਰਿਵਾਰ ਵੱਲੋਂ ਇਸ ਕਿਤਾਬ ਉੱਤੇ ਇਤਰਾਜ਼ ਜਤਾਇਆ ਗਿਆ। ਕਾਇਦੇ ਅਨੁਸਾਰ ਜੇਕਰ ਕਿਸੇ ਵੀ ਪਰਿਵਾਰ ਨੂੰ ਇਸ ਕਿਤਾਬ ਉੱਤੇ ਇਤਰਾਜ਼ ਹੈ ਤਾਂ ਉਸਨੂੰ ਲੇਖਕ ਨਾਲ ਸਿੱਧਾ ਸੰਪਰਕ ਕਰਨਾ ਚਾਹਿਦਾ ਹੈ। ਪਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਅਹੁੱਦੇਦਾਰ ਹੋਣ ਕਰਕੇ ਮੈਨੂੰ ਸਿੱਧੇ ਤੌਰ 'ਤੇ ਇਸ ਪਰਿਵਾਰ ਵੱਲੋਂ ਨਿਸ਼ਾਨਾ ਬਣਾਇਆ ਗਿਆ। ਇਸ ਪਰਿਵਾਰ ਵੱਲੋਂ ਮੈਨੂੰ ਅੱਪਸ਼ਬਦ ਬੋਲੇ ਗਏ, ਮੇਰੇ ਖਿਲਾਫ ਕੂੜ ਪ੍ਰਚਾਰ ਕੀਤਾ ਗਿਆ ਅਤੇ ਮੇਰੇ ਉੱਤੇ ਹਰ ਰੋਜ਼ ਦਬਾਅ ਬਣਾਇਆ ਜਾ ਰਿਹਾ ਹੈ ਕਿ ਮੈਂ ਮੰਨਾਂ ਕਿ ਮੈਂ ਹਰਮਿੰਦਰ ਸੰਧੂ ਦੇ ਖਿਲਾਫ ਕਿਤਾਬ ਵਿੱਚ ਲਿਖਿਆ ਹੈ। ਜਦਕਿ ਇਹ ਕਿਤਾਬ ਨਾ ਤਾਂ ਮੈਂ ਲਿਖੀ ਹੈ ਅਤੇ ਨਾ ਹੀ ਮੈਂ ਕਦੇ ਵੀ ਹਰਮਿੰਦਰ ਸੰਧੂ ਦਾ ਨਾਮ ਲੈ ਕੇ ਉਨਾਂ ਦੇ ਖਿਲਾਫ ਕਿਸੇ ਵੀ ਅਖ਼ਬਾਰ, ਕਿਸੇ ਵੀ ਲੇਖ ਜਾਂ ਕਿਸੇ ਵੀ ਸਟੇਜ ਉੱਤੇ ਕਿਸੇ ਤਰਾਂ ਦੀ ਕੋਈ ਬਿਆਨਬਾਜ਼ੀ ਕੀਤੀ ਹੈ। ਸ. ਸਿਮਰਨਜੀਤ ਸਿੰਘ ਮਾਨ ਜੋ ਕਿ ਸਾਡੇ ਪਾਰਟੀ ਪ੍ਰਧਾਨ ਹਨ, ਮੇਰੇ ਲਈ ਬਹੁਤ ਸਤਿਕਾਰਤ ਹਨ। ਮੈਂ ਉਨਾਂ ਨਾਲ ਕੰਮ ਕਰਕੇ ਆਪਣੇ ਕੰਮ ਲਈ ਦ੍ਰਿੜ ਹੋਣਾ ਸਿੱਖਿਆ ਹੈ। ਸ. ਇਮਾਨ ਸਿੰਘ ਮਾਨ ਜੋ ਕਿ ਸਾਡੀ ਪਾਰਟੀ ਦੇ ਕਾਰਜਕਾਰਨੀ ਪ੍ਰਧਾਨ ਹਨ, ਉਨਾਂ ਨਾਲ ਕੰਮ ਕਰਕੇ ਮੈਂ ਸਹਿਨਸ਼ੀਲ ਹੋਣਾ ਸਿੱਖਿਆ ਹੈ ਅਤੇ ਸ. ਗੋਬਿੰਦ ਸਿੰਘ ਸੰਧੂ ਨਾਲ ਕੰਮ ਕਰਕੇ ਮੈਂ ਹਲੀਮੀ ਨਾਲ ਰਹਿਣਾ ਸਿੱਖਿਆ ਹੈ। ਮੇਰੀ ਕਲਮ ਇਸ ਤਰਾਂ ਦੇ ਲੇਖ ਨਹੀਂ ਲਿਖਦੀ, ਪਰ ਮੇਰੇ ਉੱਤੇ ਇਹ ਲੇਖ ਲਿਖਣ ਲਈ ਬਾਰ-ਬਾਰ ਦਬਾਅ ਪਾਇਆ ਜਾ ਰਿਹਾ ਹੈ। ਮੈਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵਿੱਚ ਕੰਮ ਕਰਕੇ ਇਹ ਸਿੱਖਿਆ ਹੈ ਕਿ ਜੇਕਰ ਮੇਰੇ ਵੱਲੋਂ ਖਿਮਾ ਮੰਗਣ ਨਾਲ ਸਮਾਜਿਕ ਪੱਧਰ ਉੱਤੇ ਚੱਲ ਰਹੀ ਹੱਲਚਲ ਸ਼ਾਂਤ ਹੋ ਸਕਦੀ ਹੈ ਤਾਂ ਮੈਂ ਸਮੂਹ ਸਾਧ ਸੰਗਤ ਤੋਂ ਖਿਮਾ ਦੀ ਜਾਚਕ ਹਾਂ। ਪੀਂਘਾਂ ਸੋਚ ਦੀਆਂ ਪਬਲਿਸ਼ਿੰਗ ਮੇਰਾ ਕਾਰੋਬਾਰ ਹੈ ਅਤੇ ਬਤੌਰ ਪੀਂਘਾਂ ਸੋਚ ਦੀਆਂ ਪਬਲਿਸ਼ਰ ਹੁਣ ਤੱਕ ਮੈਂ 13 ਕਿਤਾਬਾਂ ਛਾਪ ਕੇ ਪਾਠਕਾਂ ਦੇ ਰੂਬਰੂ ਕਰ ਚੁੱਕੀ ਹਾਂ। ਬਹੁਤ ਜਲਦ 5 ਹੋਰ ਕਿਤਾਬਾਂ ਪਾਠਕਾਂ ਦੇ ਰੂਬਰੂ ਹੋਣ ਜਾ ਰਹੀਆਂ ਹਨ। ਮੈਂ ਬਤੌਰ "ਪੀਂਘਾਂ ਸੋਚ ਦੀਆਂ ਮੈਗਜ਼ੀਨ" ਦੀ ਸੰਪਾਦਕ ਵਜੋਂ ਵੀ ਨਿਰਸਵਾਰਥ ਸੇਵਾ ਪਿਛਲੇ 6 ਸਾਲਾਂ ਤੋਂ ਨਿਭਾ ਰਹੀ ਹਾਂ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਮੈਗਜ਼ੀਨ "ਬਾਗ.ੀ" ਦੀ ਵੀ ਮੈਂ ਬਤੌਰ ਸੰਪਾਦਕ ਪਿਛਲੇ 2 ਸਾਲ ਤੋਂ ਨਿਸਵਾਰਥ ਸੇਵਾ ਨਿਭਾ ਰਹੀ ਹਾਂ। ਬਤੌਰ ਲੇਖਕ ਮੇਰੀ ਖ਼ੁਦ ਦੀ ਕਿਤਾਬ "ਦਿਲ ਦੇ ਕਰੀਬ" ਵੀ ਛੱਪ ਚੁੱਕੀ ਹੈ। ਜਿਸ ਦਾ ਪਹਿਲਾ ਐਡੀਸ਼ਨ 2020 ਵਿੱਚ ਅਤੇ ਦੂਸਰਾ ਐਡੀਸ਼ਨ 2025 ਵਿੱਚ ਪ੍ਰਕਾਸ਼ਿਤ ਹੋਇਆ ਹੈ। ਬਤੌਰ ਪੀਂਘਾਂ ਸੋਚ ਦੀਆ ਸਾਹਿਤ ਮੰਚ ਦੀ ਸੰਸਥਾਪਕ ਅਤੇ ਪ੍ਰਧਾਨ ਵਜੋਂ ਵੀ ਮੈਂ ਪਿਛਲੇ 6 ਸਾਲਾਂ ਤੋਂ ਨਿਰਸਵਾਰਥ ਸੇਵਾ ਨਿਭਾ ਰਹੀ ਹਾਂ। ਮੇਰੇ ਨਾਲ ਦੇਸ਼-ਵਿਦੇਸ਼ ਤੋਂ ਲੇਖਕ ਜੁੜੇ ਹੋਏ ਹਨ। ਜੋ ਸਮੇਂ-ਸਮੇਂ 'ਤੇ ਆਪਣੀਆਂ ਕਿਤਾਬਾਂ ਮੇਰੇ ਤੋਂ ਛਪਾਉਂਦੇ ਰਹਿੰਦੇ ਹਨ। ਪੀਂਘਾਂ ਸੋਚ ਦੀਆਂ ਸਾਹਿਤ ਮੰਚ ਦੀ ਬਤੌਰ ਪ੍ਰਧਾਨ ਮੈਂ ਹੁਣ ਤੱਕ ਕਈ ਸਕੂਲਾਂ ਵਿੱਚ ਬੱਚਿਆਂ ਦੇ ਕਵਿਤਾ ਮੁਕਾਬਲੇ ਕਰਵਾ ਚੁੱਕੀ ਹਾਂ। ਪੰਜਾਬ ਦੇ ਅਲਗ-ਅਲਗ ਜ਼ਿਲਿਆਂ ਵਿੱਚ ਕਈ ਕਵੀ ਸੰਮੇਲਨ ਕਰਵਾ ਚੁੱਕੀ ਹਾਂ। ਪੰਜਾਬ ਦੇ ਅਲਗ-ਅਲਗ ਜ਼ਿਲਿਆਂ ਵਿੱਚ ਕਈ ਲੇਖਕਾਂ ਦੇ ਸਨਮਾਨ ਸਮਾਰੋਹ ਕਰਵਾ ਚੁੱਕੀ ਹਾਂ। ਪੀਂਘਾਂ ਸੋਚ ਦੀਆਂ ਸਾਹਿਤ ਮੰਚ ਦੀ ਟੀਮ ਹਰ ਜ਼ਿਲੇ ਵਿੱਚ ਬਹੁਤ ਉੱਚ ਪੱਧਰ 'ਤੇ ਕਾਰਜਸ਼ੀਲ ਹੈ। ਸਾਡਾ ਲੇਖਕਾਂ ਦਾ ਗਰੁੱਪ ਬਹੁਤ ਹੀ ਸਤਿਕਾਰਤ ਹੈ। ਸਾਡੇ ਇਸ ਲੇਖਕ ਗਰੁੱਪ ਵਿੱਚ ਸਭ ਸ਼ਖਸਿਅਤਾਂ ਬੁੱਧੀਜੀਵੀ ਹਨ। ਜੋ ਕਿ ਇੱਕ ਦੂਸਰੇ ਲੇਖਕਾਂ ਦਾ ਬਹੁਤ ਸਨਮਾਨ ਕਰਦੇ ਹਨ। ਇੱਥੇ ਇਹ ਸਭ ਦੱਸਣਾ ਇਸ ਲਈ ਜਰੂਰੀ ਸੀ ਕਿ ਮੇਰੇ ਖਿਲਾਫ ਕੂੜ ਪ੍ਰਚਾਰ ਕਰਣ ਵਾਲਿਆਂ ਨੂੰ ਇਹ ਦੱਸਿਆ ਜਾਏ ਕਿ ਮੈਂ ਬਤੌਰ ਲੇਖਕ, ਬਤੌਰ ਪਬਲਿਸ਼ਰ ਅਤੇ ਬਤੌਰ ਸਿਆਸਤਦਾਨ ਆਪਣੀ ਜ਼ਿੰਮੇਵਾਰੀ ਨੂੰ ਬਾਖੂਬੀ ਸਮਝਦੀ ਹਾਂ ਅਤੇ ਗੁਰੂ ਪਾਤਸ਼ਾਹ ਦੀ ਮਹਿਰ ਸਦਕਾ ਹਮੇਸ਼ਾਂ ਚੜਦੀਕਲਾ ਵਿੱਚ ਰਹਿ ਕੇ ਅੱਗੇ ਵੀ ਕਾਰਜ ਕਰਦੀ ਰਹਾਂਗੀ।



**ਰਸ਼ਪਿੰਦਰ ਕੌਰ ਗਿੱਲ**
ਲੇਖਕ, ਐਂਕਰ, ਪ੍ਰਧਾਨ
ਪੀਂਘਾਂ ਸੋਚ ਦੀਆਂ
ਸਾਹਿਤ ਮੰਚ, ਪਬਲਿਕੇਸ਼ਨ
ਵੈੱਬ ਚੈਨਲ, ਮੈਗਜ਼ੀਨ
+91-9888697078

ਆਵਾਜ਼ਿ ਕੌਮ AWAZE QAUM International Newspaper & WEB TV

# ਖ਼ੁਰਾਕ ਦੀ ਬਰਬਾਦੀ (ਇੱਕ ਖਾਮੋਸ਼ ਸੰਕਟ)



ਖ਼ੁਰਾਕ ਦੀ ਬਰਬਾਦੀ ਆਧੁਨਿਕ ਦੁਨੀਆ ਦੇ ਸਭ ਤੋਂ ਗੰਭੀਰ ਪਰ ਅਕਸਰ ਨਜ਼ਰਅੰਦਾਜ਼ ਕੀਤੇ ਜਾਣ ਵਾਲੇ ਮੁੱਦਿਆਂ ਵਿੱਚੋਂ ਇੱਕ ਬਣ ਚੁੱਕੀ ਹੈ। ਜਿੱਥੇ ਦੁਨੀਆ ਭਰ ਵਿੱਚ ਲੱਖਾਂ ਲੋਕ ਹਰ ਰੋਜ਼ ਇੱਕ ਵੇਲੇ ਦੀ ਰੋਟੀ ਲਈ ਸੰਘਰਸ਼ ਕਰ ਰਹੇ ਹਨ, ਉੱਥੇ ਹੀ ਉਤਪਾਦਿਤ ਖ਼ੁਰਾਕ ਦਾ ਵੱਡਾ ਹਿੱਸਾ ਜਾਂ ਤਾਂ ਖਰਾਬ ਹੋ ਜਾਂਦਾ ਹੈ ਜਾਂ ਬੇਕਾਰ ਸੁੱਟ ਦਿੱਤਾ ਜਾਂਦਾ ਹੈ। ਇਹ ਅਸਮਾਨਤਾ ਇੱਕ ਗੰਭੀਰ ਨੈਤਿਕ, ਸਮਾਜਿਕ ਅਤੇ ਆਰਥਿਕ ਚਿੰਤਾ ਨੂੰ ਦਰਸਾਉਂਦੀ ਹੈ, ਜਿਸ ਵੱਲ ਤੁਰੰਤ ਧਿਆਨ ਦੇਣ ਦੀ ਲੋੜ ਹੈ।

ਵਿਸ਼ਵ ਪੱਧਰੀ ਸਮੱਸਿਆ

ਹਰ ਸਾਲ ਬੇਹਿਸਾਬ ਖਾਣ-ਪੀਣ ਯੋਗ ਖ਼ੁਰਾਕ ਉਤਪਾਦਨ, ਆਵਾਜਾਈ, ਸਾਂਭ ਸੰਭਾਲ ਅਤੇ ਖ਼ਪਤ ਦੇ ਵੱਖ-ਵੱਖ ਪੜਾਵਾਂ 'ਤੇ ਬਰਬਾਦ ਹੋ ਜਾਂਦੀ ਹੈ। ਘਰਾਂ, ਹੋਟਲਾਂ, ਵਿਆਹਾਂ ਅਤੇ ਸਮਾਜਿਕ ਸਮਾਗਮਾਂ ਵਿੱਚ ਵੱਧ ਖਾਣਾ ਅਕਸਰ ਬਿਨਾਂ ਸੋਚੇ ਸਮਝੇ ਸੁੱਟ ਕੇ ਬਰਬਾਦ ਕਰ ਦਿੱਤਾ ਜਾਂਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਬਰਬਾਦੀ ਉਸ ਸਮੇਂ ਹੋ ਰਹੀ ਹੈ ਜਦੋਂ ਵਿਕਾਸਸ਼ੀਲ ਦੇਸ਼ਾਂ ਵਿੱਚ ਭੁੱਖਮਰੀ ਅਤੇ ਕੁਪੋਸ਼ਣ ਵਿਆਪਕ ਹਨ।

ਖੁਰਾਕ ਦੀ ਬਰਬਾਦੀ ਅਤੇ ਭੁੱਖਮਰੀ ਦਾ ਸੰਬੰਧ

ਖੁਰਾਕ ਦੀ ਬਰਬਾਦੀ ਘਟਾਉਣ ਨਾਲ ਭੁੱਖਮਰੀ 'ਤੇ ਕਾਬੂ ਪਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਜਾ ਸਕਦਾ ਹੈ। ਜੇਕਰ ਵਾਧੂ ਖਾਣੇ ਦੀ ਢੰਗ ਨਾਲ ਸੰਭਾਲ ਅਤੇ ਵੰਡ ਕੀਤੀ ਜਾਵੇ ਤਾਂ ਇਹ ਲੱਖਾਂ ਗਰੀਬ ਅਤੇ ਲੋੜਵੰਦ ਲੋਕਾਂ ਦੀ ਭੁੱਖ ਮਿਟਾ ਸਕਦਾ ਹੈ। ਖਾਣੇ ਦੇ ਬੈਂਕਾਂ, ਦਾਨ ਮੁਹਿੰਮਾਂ ਅਤੇ ਕਮਿਊਨਿਟੀ ਰਸੋਈਆਂ ਨੇ ਪਹਿਲਾਂ ਹੀ ਸਾਬਤ ਕੀਤਾ ਹੈ ਕਿ ਛੋਟੇ ਯਤਨ ਵੀ ਵੱਡਾ ਫਰਕ ਪਾ ਸਕਦੇ ਹਨ। ਉਪਲਬਧ ਖ਼ੁਰਾਕ ਦਾ ਸਮਰੱਥਕ ਉਪਯੋਗ ਵਾਧੇ ਅਤੇ ਘਾਟ ਦੇ ਵਿਚਕਾਰ ਦੇ ਫ਼ਰਕ ਨੂੰ ਘਟਾ ਸਕਦਾ ਹੈ।

ਖੁਰਾਕ ਦੀ ਬਰਬਾਦੀ ਨੂੰ ਰੋਕਣ ਲਈ ਕਦਮ

ਇਸ ਸਮੱਸਿਆ ਦਾ ਹੱਲ ਸਾਂਝੀ ਜ਼ਿੰਮੇਵਾਰੀ ਅਤੇ ਵਿਆਹਾਰਕ ਕਦਮਾਂ ਨਾਲ ਹੀ ਸੰਭਵ ਹੈ:

ਜਾਗਰੂਕਤਾ ਮੁਹਿੰਮਾਂ

ਲੋਕਾਂ ਨੂੰ ਖਾਣੇ ਦੀ ਮਹੱਤਤਾ ਅਤੇ ਬਰਬਾਦੀ ਦੇ ਨੁਕਸਾਨਾਂ ਬਾਰੇ ਜਾਣੂ ਕਰਨਾ ਸਮਝਦਾਰ ਖਪਤ ਨੂੰ ਉਤਸ਼ਾਹਿਤ ਕਰ ਸਕਦਾ ਹੈ।

ਵਧੀਆ ਯੋਜਨਾ ਬਣਾਉਣੀ

ਘਰਾਂ ਅਤੇ ਸਮਾਗਮ ਆਯੋਜਕਾਂ ਨੂੰ ਲੋੜ ਅਨੁਸਾਰ ਹੀ ਖਾਣਾ ਤਿਆਰ ਕਰਨਾ ਚਾਹੀਦਾ ਹੈ।

ਖ਼ੁਰਾਕ ਦੀ ਮੁੜ ਵੰਡ ਪ੍ਰਣਾਲੀ

ਵਾਧੂ ਖਾਣੇ ਨੂੰ ਇਕੱਠਾ ਕਰਕੇ ਲੋੜਵੰਦਾਂ ਤੱਕ ਪਹੁੰਚਾਉਣ ਲਈ ਮਜ਼ਬੂਤ ਪ੍ਰਣਾਲੀਆਂ ਬਣਾਉਣ ਨਾਲ ਬਰਬਾਦੀ ਘਟਾਈ ਜਾ ਸਕਦੀ ਹੈ।

ਸਾਂਭ ਸੰਭਾਲ ਅਤੇ ਆਵਾਜਾਈ ਪ੍ਰਬੰਧ

ਤਕਨੀਕੀ ਤਰੱਕੀ ਨਾਲ ਸਾਂਭ ਸੰਭਾਲ ਅਤੇ ਆਵਾਜਾਈ ਦੌਰਾਨ ਖਾਣੇ ਦੇ ਖਰਾਬ ਹੋਣ ਨੂੰ ਘਟਾਇਆ ਜਾ ਸਕਦਾ ਹੈ।

ਸਰਕਾਰੀ ਨੀਤੀਆਂ

ਸਖ਼ਤ ਨਿਯਮ ਅਤੇ ਪ੍ਰੋਤਸਾਹਨ ਦੇ ਜ਼ਰੀਏ ਜ਼ਿੰਮੇਵਾਰ ਖ਼ੁਰਾਕ ਪ੍ਰਬੰਧਨ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਹੈ।

ਸਕੂਲੀ ਪਾਠਕ੍ਰਮ ਦੀ ਭੂਮਿਕਾ

ਸਕੂਲ ਜ਼ਿੰਮੇਵਾਰ ਨਾਗਰਿਕ ਤਿਆਰ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਪਾਠਕ੍ਰਮ ਵਿੱਚ ਖ਼ੁਰਾਕ ਸੁਰੱਖਿਅਣ, ਟਿਕਾਊ ਜੀਵਨਸ਼ੈਲੀ ਅਤੇ ਨੈਤਿਕ ਖ਼ਪਤ ਨਾਲ ਸੰਬੰਧਿਤ ਪਾਠ ਸ਼ਾਮਲ ਕਰਕੇ ਬੱਚਿਆਂ ਵਿੱਚ ਛੋਟੀ ਉਮਰ ਤੋਂ ਹੀ ਚੰਗੀਆਂ ਆਦਤਾਂ ਵਿਕਸਿਤ ਕੀਤੀਆਂ ਜਾ ਸਕਦੀਆਂ ਹਨ। ਜ਼ੀਰੋ-ਵੇਸਟ ਲੰਚ ਡੇ, ਜਾਗਰੂਕਤਾ ਮੁਹਿੰਮਾਂ ਅਤੇ ਕਮਿਊਨਿਟੀ ਸੇਵਾ ਕਾਰਜਕ੍ਰਮਾਂ ਰਾਹੀਂ ਵਿਦਿਆਰਥੀਆਂ ਵਿੱਚ ਖਾਣੇ ਦੀ ਮਹੱਤਤਾ ਅਤੇ ਹਮਦਰਦੀ ਦੀ ਭਾਵਨਾ ਪੈਦਾ ਕੀਤੀ ਜਾ ਸਕਦੀ ਹੈ।

ਸਮਾਜ ਦਾ ਖ਼ੁਰਾਕ ਪ੍ਰਤੀ ਰਵੱਈਆ

ਕਈ ਸਮਾਜਾਂ ਵਿੱਚ ਖ਼ੁਰਾਕ ਦੀ ਬਰਬਾਦੀ ਨੂੰ ਅਕਸਰ ਸਮਾਜਿਕ ਦਰਜੇ ਅਤੇ ਰਿਵਾਜਾਂ ਨਾਲ ਜੋੜਿਆ ਜਾਂਦਾ ਹੈ। ਸ਼ਾਨਦਾਰ ਸਮਾਗਮਾਂ ਵਿੱਚ ਵੱਧ ਖਾਣਾ ਤਿਆਰ ਕਰਨਾ ਇੱਜ਼ਤ ਅਤੇ ਮਾਣ ਸਨਮਾਨ ਦੀ ਨਿਸ਼ਾਨੀ ਸਮਝਿਆ ਜਾਂਦਾ ਹੈ, ਭਾਵੇਂ ਇਸ ਦਾ ਵੱਡਾ ਹਿੱਸਾ ਬੇਕਾਰ ਚਲਾ ਜਾਵੇ। ਇਸ ਸੋਚ ਵਿੱਚ ਬਦਲਾਅ ਲਿਆਉਣ ਦੀ ਲੋੜ ਹੈ। ਖਾਣੇ ਦੀ ਕਦਰ ਇੱਕ ਸਾਂਝੀ ਮੁੱਲ ਬਣੇ ਅਤੇ ਇਸ ਦੀ ਬਰਬਾਦੀ ਨੂੰ ਗਲਤ ਸਮਝਿਆ ਜਾਵੇ।

ਆਵਾਜ਼ਿ ਕੌਮ AWAZE QAUM International Newspaper & WEB TV

ਖ਼ੁਰਾਕ ਦੀ ਬਰਬਾਦੀ ਸਿਰਫ਼ ਵਾਤਾਵਰਨ ਜਾਂ ਆਰਥਿਕ ਮੁੱਦਾ ਨਹੀਂ ਹੈ—ਇਹ ਮਨੁੱਖਤਾ ਨਾਲ ਜੁੜਿਆ ਹੋਇਆ ਮਸਲਾ ਹੈ। ਜ਼ਿੰਮੇਵਾਰ ਆਦਤਾਂ ਅਪਣਾ ਕੇ, ਪ੍ਰਣਾਲੀਆਂ ਵਿੱਚ ਸੁਧਾਰ ਕਰਕੇ ਅਤੇ ਭਵਿੱਖੀ ਪੀੜ੍ਹੀਆਂ ਨੂੰ ਸਿੱਖਿਆ ਦੇ ਕੇ ਅਸੀਂ ਇਸ ਸਮੱਸਿਆ ਨੂੰ ਘਟਾ ਸਕਦੇ ਹਾਂ। ਹੱਲ ਸਿਰਫ਼ ਵੱਧ ਖ਼ੁਰਾਕ ਉਤਪਾਦਨ ਵਿੱਚ ਨਹੀਂ, ਸਗੋਂ ਮੌਜੂਦਾ ਖ਼ੁਰਾਕ ਦੀ ਕਦਰ ਅਤੇ ਸੰਭਾਲ ਵਿੱਚ ਹੈ।

**-ਸੁਰਿੰਦਰਪਾਲ ਸਿੰਘ, ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।**





## ਜਨਮ ਦਿਨ ਮੁਬਾਰਕ

ਗੁਰਜਿੰਦਰ ਸਿੰਘ ਬਲਾਕ ਪ੍ਰਧਾਨ ਕੁਹਾਟਵਿੰਡ, ਅਮਨਦੀਪ ਕੌਰ ਨੇ ਆਪਣੇ ਵਿਆਹ ਦੀ 13ਵੀਂ ਵਰ੍ਹੇਗੰਢ ਮਨਾਈ ( ਫੋਟੋ ਵੇਰਵਾ ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ)

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

**ਜਥੇਦਾਰ ਮਲਕੀਤ ਸਿੰਘ ਪੰਨੀਵਾਲਾ ਮੋਰੀਕਾ ਦੀ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਪਿੰਡ ਪੰਨੀਵਾਲਾ ਮੋਰੀਕਾ ਜਿਲਾ ਸਿਰਸਾ ਵਿਖੇ ਕੀਤੀ ਗਈ**

# ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚੇਅਰਮੈਨ ਸੁਖ ਸੇਵਾ ਸਿਮਰਨ ਟਰੱਸਟ ਵੱਲੋਂ ਸ਼ਰਧਾਂਜਲੀ ਅਤੇ ਦਸਤਾਰ ਭੇਂਟ ਕੀਤੀ ਗਈ













ਜਥੇਦਾਰ ਮਲਕੀਤ ਸਿੰਘ ਪੰਨੀਵਾਲਾ ਮੋਰੀਕਾ ਦੀ ਅੰਤਿਮ ਅਰਦਾਸ ਅੱਜ 9 ਅਪ੍ਰੈਲ 2026 ਨੂੰ ਗੁਰਦੁਆਰਾ ਸਾਹਿਬ ਪਿੰਡ ਪੰਨੀਵਾਲਾ ਮੋਰੀਕਾ ਜਿਲਾ ਸਿਰਸਾ ਵਿਖੇ ਕੀਤੀ ਗਈ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚੇਅਰਮੈਨ ਸੁਖ ਸੇਵਾ ਸਿਮਰਨ ਟਰੱਸਟ ਵੱਲੋਂ ਸ਼ਰਧਾਂਜਲੀ ਭੇਂਟ ਕੀਤੀ ਗਈ ਏਤੇ ਉਨਾਂ ਦੇ ਸਪੁੱਤਰ ਭਾਈ ਬਲਵਿੰਦਰ ਸਿੰਘ ਨੂੰ ਜਿੰਮੇਵਾਰੀ ਦੀ ਦਸਤਾਰ ਭੈਂਟ ਕੀਤੀ ਇਸ ਸਮੇਂ ਬਾਬਾ ਗੁਰਪਾਲ ਸਿੰਘ ਚੋਰਮਾਰ,ਸ. ਪਰਮਜੀਤ ਸਿੰਘ ਮਾਖਾ ਵੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਤਾਰੂਆਣਾ ਪਿੰਡ ਦੇ ਸ.ਦਲਬੀਰ ਸਿੰਘ ਸ.ਰਣਬੀਰ ਸਿੰਘ ਦੇ ਸਤਿਕਾਰਯੋਗ ਮਾਤਾ ਗੁਰਮੇਲ ਕੌਰ ਜੀ ਧਰਮ ਪਤਨੀ ਸਵਰਗੀ ਸ.ਕਰਨੈਲ ਸਿੰਘ ਜੀ ਦੀ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਪਿੰਡ ਤਾਰੂਆਣਾ ਜਿਲਾ ਸਿਰਸਾ ਵਿਖੇ ਕੀਤੀ ਗਈ

# ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚੇਅਰਮੈਨ ਸੁਖ ਸੇਵਾ ਸਿਮਰਨ ਟਰੱਸਟ ਵੱਲੋਂ ਸ਼ਰਧਾਂਜਲੀ ਭੇਂਟ ਕੀਤੀ ਗਈ














ਤਾਰੂਆਣਾ ਪਿੰਡ ਦੇ ਸ.ਦਲਬੀਰ ਸਿੰਘ ਸ.ਰਣਬੀਰ ਸਿੰਘ ਦੇ ਸਤਿਕਾਰਯੋਗ ਮਾਤਾ ਗੁਰਮੇਲ ਕੌਰ ਜੀ ਧਰਮ ਪਤਨੀ ਸਵਰਗੀ ਸ.ਕਰਨੈਲ ਸਿੰਘ ਜੀ ਦੀ ਅੰਤਿਮ ਅਰਦਾਸ ਅੱਜ 9 ਅਪ੍ਰੈਲ 2026 ਨੂੰ ਗੁਰਦੁਆਰਾ ਸਾਹਿਬ ਪਿੰਡ ਤਾਰੂਆਣਾ ਜਿਲਾ ਸਿਰਸਾ ਵਿਖੇ ਕੀਤੀ ਗਈ ਜਿਸ ਵਿੱਚ ਭਾਈ ਗੁਰਸੇਵਕ ਸਿੰਘ ਰੰਗੀਲਾ ਹਜ਼ੂਰੀ ਰਾਗੀ ਜੱਥਾ ਗੁਰਦੁਆਰਾ ਦਾਦੂ ਸਾਹਿਬ ਨੇ ਵੈਰਾਗਮਈ ਕੀਰਤਨ ਕੀਤਾ ਅਤੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚੇਅਰਮੈਨ ਸੁਖ ਸੇਵਾ ਸਿਮਰਨ ਟਰੱਸਟ ਵੱਲੋਂ ਸ਼ਰਧਾਂਜਲੀ ਭੇਂਟ ਕੀਤੀ ਗਈ।

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਚੱਕੂ ਲਦਾਣਾ ਪਿੰਡ ਦੇ ਨੰਬਰਦਾਰ ਸ਼ੇਰ ਸਿੰਘ ਗੁਰਾਇਆ ਦੇ ਜਲ ਪਾਣੀ ਦੇ ਸੱਦੇ ਤੇ

# ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਉਨਾਂ ਦੇ ਗ੍ਰਹਿ ਪਿੰਡ ਚੱਕੂ ਲਦਾਣਾ ਪੁੱਜੇ

## ਨੰਬਰਦਾਰ ਪ੍ਰੀਵਾਰ ਵੱਲੋਂ ਸਿਰਪਾਓ ਭੇਂਟ ਕਰਕੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਜੀ ਅਤੇ ਸਾਥੀਆਂ ਨੂੰ ਸਨਮਾਨਿਤ ਕੀਤਾ ਗਿਆ











ਚੱਕੂ ਲਦਾਣਾ ਪਿੰਡ ਦੇ ਨੰਬਰਦਾਰ ਸ਼ੇਰ ਸਿੰਘ ਗੁਰਾਇਆ ਦੇ ਜਲ ਪਾਣੀ ਦੇ ਸੱਦੇ ਤੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਉਨਾਂ ਦੇ ਗ੍ਰਹਿ ਪਿੰਡ ਚੱਕੂ ਲਦਾਣਾ ਜਿਲਾ ਕੈਥਲ ਵਿਖੇ 5 ਅਪ੍ਰੈਲ 2026 ਨੂੰ ਪੁੱਜੇ ਜਥੇਦਾਰ ਦਾਦੂਵਾਲ ਜੀ ਦੇ ਨਾਲ ਸਰਦਾਰ ਗੁਰਮੀਤ ਸਿੰਘ ਰਾਮਸਰ ਸੀਨੀਅਰ ਮੀਤ ਪ੍ਰਧਾਨ,ਜਥੇਦਾਰ ਸਵਰਨ ਸਿੰਘ ਬੁੰਗਾ ਟਿੱਬੀ ਪੰਚਕੂਲਾ ਮੈਂਬਰ,ਸਰਪੰਚ ਭੁਪਿੰਦਰ ਸਿੰਘ ਲਾਡੀ ਪ੍ਰਧਾਨ ਮੈਂਬਰ ਪ੍ਰਤੀਨਿਧ ਬੀਬੀ ਕਪੂਰ ਕੌਰ ਸੌਂਕੜਾ,ਸਕੱਤਰ ਸਰਬਜੀਤ ਸਿੰਘ ਜੰਮੂ,ਸਰਦਾਰ ਗੁਰਲਾਲ ਸਿੰਘ ਵਿਰਕ ਰੱਤਕ ਝੀਂਡਾ,ਜਥੇਦਾਰ ਸੂਰਤ ਸਿੰਘ ਸ਼ਾਹੀ ਰੱਤਕ,ਸਰਦਾਰ ਨਿਰਵੈਰ ਸਿੰਘ ਵਿਰਕ ਰੱਤਕ,ਸਰਦਾਰ ਸਤਿੰਦਰ ਸਿੰਘ ਮੰਟਾ ਰਸੀਦਾਂ ਸਾਬਕਾ ਮੈਂਬਰ,ਸਰਦਾਰ ਕਾਬਲ ਸਿੰਘ ਵਿਰਕ ਹਿੰਮਤਪੁਰਾ ਸਾਬਕਾ ਮੈਂਬਰ,ਸੰਦੀਪ ਸਿੰਘ ਨੈਨ ਵੀ ਹਾਜ਼ਰ ਸਨ ਨੰਬਰਦਾਰ ਪ੍ਰੀਵਾਰ ਵੱਲੋਂ ਸਿਰਪਾਓ ਭੇਂਟ ਕਰਕੇ ਜਥੇਦਾਰ ਦਾਦੂਵਾਲ ਜੀ ਅਤੇ ਸਾਥੀਆਂ ਨੂੰ ਸਨਮਾਨਿਤ ਕੀਤਾ ਗਿਆ।

ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

**ਅਕਾਲ ਤਖਤ ਦੇ ਦੋਸ਼ੀ ਬਾਦਲ ਭਜਾਓ, ਮੀਰੀ ਪੀਰੀ ਕਾਲਜ ਪੰਥ ਹਰਿਆਣਾ ਕਮੇਟੀ ਬਚਾਓ ਪੰਥਕ ਇਕੱਤਰਤਾ ਕੀਤੀ ਗਈ**

# ਗੁਰਦੁਆਰਾ ਗੁਰੂ ਗ੍ਰੰਥਸਰ ਦਾਦੂ ਸਾਹਿਬ ਸਿਰਸਾ ਹਰਿਆਣਾ ਦੀ ਤਿਆਰੀ ਸਬੰਧੀ ਪਿੰਡ ਦੇ ਸੇਵਾਦਾਰਾਂ ਦੀ ਮੀਟਿੰਗ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨੇ ਕੀਤੀ ਅਤੇ ਪ੍ਰਬੰਧ ਲਈ ਡਿਊਟੀਆਂ ਲਗਾਈਆਂ








ਅਕਾਲ ਤਖਤ ਦੇ ਦੋਸ਼ੀ ਬਾਦਲ ਭਜਾਓ,ਮੀਰੀ ਪੀਰੀ ਕਾਲਜ ਪੰਥ ਹਰਿਆਣਾ ਕਮੇਟੀ ਬਚਾਓ ਪੰਥਕ ਇਕੱਤਰਤਾ ਮਿਤੀ 12 ਅਪ੍ਰੈਲ 2026 ਦਿਨ ਐਤਵਾਰ ਨੂੰ ਦਿਨੇ 12 ਤੋਂ 3 ਵਜੇ ਤੱਕ ਤੱਕ ਗੁਰਦੁਆਰਾ ਗੁਰੂ ਗ੍ਰੰਥਸਰ ਦਾਦੂ ਸਾਹਿਬ ਸਿਰਸਾ ਹਰਿਆਣਾ ਦੀ ਤਿਆਰੀ ਸਬੰਧੀ ਅੱਜ ਪਿੰਡ ਦੇ ਸੇਵਾਦਾਰਾਂ ਦੀ ਮੀਟਿੰਗ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨੇ ਕੀਤੀ ਅਤੇ ਪ੍ਰਬੰਧ ਲਈ ਡਿਊਟੀਆਂ ਲਗਾਈਆਂ।

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243